Balbir Madhopuri Rachit Svejivni 'Changia Rukh' vich pesh Dalit Drishty da Adhyan

# ਬਲਬੀਰ ਮਾਧੋਪੁਰੀ ਰਚਿਤ ਸਵੈ-ਜੀਵਨੀ 'ਛਾਂਗਿਆ ਰੁੱਖ' ਵਿਚ ਪੇਸ਼ ਦਲਿਤ ਦ੍ਰਿਸ਼ਟੀ ਦਾ ਅਧਿਐਨ

(Balbir Madhopuri Rachit Svejivni 'Changia Rukh' vich pesh Dalit Drishty da Adhyan)

Sonu
M.A Student
Reg. No. 11509958

**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ**
**ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ**
**ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ**
**ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ**
**ਖੋਜ-ਪ੍ਰਬੰਧ**

**ਫੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**
**ਲਵਲੀ ਪ੍ਰੋਫੈਸ਼ਨਲ ਯੂਨੀਵਰਵਸਟੀ, ਫਗਵਾੜਾ**

# Balbir Madhopuri Rachit Svejivni 'Changia Rukh' vich pesh Dalit Drishty da Adhyan

**2017**

# ਘੋਸ਼ਣਾ-ਪੱਤਰ

ਮੈਂ ਸੋਨੂੰ ਇਹ ਬਿਆਨ ਕਰਦਾ ਹਾਂ ਕਿ "ਬਲਬੀਰ ਮਾਧੋਪੁਰੀ ਰਚਿਤ ਸਵੈ-ਜੀਵਨੀ ਛਾਂਗਿਆ ਰੁੱਖ ਵਿਚ ਪੇਸ਼ ਦਲਿਤ ਦ੍ਰਿਸ਼ਟੀ ਦਾ ਅਧਿਐਨ" ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ। ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੈ।

ਖੋਜਾਰਥੀ

ਸੋਨੂੰ

ਰਜਿ. ਨੰਬਰ- 11509958

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸੋਨੂੰ ਨੇ ਬਲਬੀਰ ਮਾਧੋਪੁਰੀ ਰਚਿਤ ਸਵੈ-ਜੀਵਨੀ ਛਾਂਗਿਆ ਰੁੱਖ ਵਿੱਚ ਪੇਸ਼ ਦਲਿਤ ਦ੍ਰਿਸ਼ਟੀ ਦਾ ਅਧਿਐਨ ਵਿਸ਼ੇ ਉੱਤੇ ਐਮ. ਏ. ਪੰਜਾਬੀ ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤੀਫ਼ਲ ਹੈ। ਮੈਂ ਇਸ ਖੋਜ-ਕਾਰਜ ਨੂੰ ਐਮ.ਏ ਪੰਜਾਬੀ ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਸ਼ ਕਰਦਾ ਹਾਂ। ਇਸ ਤੋਂ ਪਹਿਲਾ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

ਮਿਤੀ............................

ਨਿਗਰਾਨ

ਡਾ. ਅਵਤਾਰ ਸਿੰਘ
ਸਹਾਇਕ ਪ੍ਰੋਫੈਸਰ
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼
ਡਿਪਾਰਟਮੈਂਟ ਆਫ਼ ਪੰਜਾਬੀ
ਲਵਲੀ ਪ੍ਰੋਫ਼ਸ਼ੈਨਲ ਯੂਨੀਵਰਸਿਟੀ,
ਫਗਵਾੜਾ
(ਪੰਜਾਬ)

# ਤਤਕਰਾ

## ਅਧਿਆਇ-ਪਹਿਲਾ

## ਸਿਧਾਂਤਕ ਪਿੱਠ-ਭੂਮੀ


1. ਪਹਿਲਾ ਅਧਿਆਇ- ਸਿਧਾਂਤਕ ਪਿੱਠ ਭੂਮੀ

1.1 ਸਮੱਸਿਆ ਕਥਨ

1.2 ਖੋਜ ਕਾਰਜ ਦੀ ਉਚਿੱਤਤਾ

1.3 ਖੋਜ ਕਾਰਜ ਦੇ ਉਦੇਸ਼

1.4 ਖੋਜ ਵਿਧੀ

1.5 ਪਰਿਕਲਪਨਾ

1.6 ਵਿਸ਼ੇ ਉੱਪਰ ਹੋ ਚੁੱਕਿਆ ਖੋਜ ਕਾਰਜ

1.7 ਸਿਧਾਂਤਕ ਪੱਖ-ਜੀਵਨੀ ਅਤੇ ਪੰਜਾਬੀ ਸਵੈ ਜੀਵਨੀ ਦਾ ਇਤਿਹਾਸ

1.8 ਰਚਨਾਕਾਰ- (ਬਲਬੀਰ ਮਾਧੋਪੁਰੀ) ਅਤੇ ਰਚਨਾਵਾਂ

1.9 ਦਲਿਤ - ਸਿਧਾਂਤ ਤੇ ਸਰੋਕਾਰ

1.10 ਰਚਨਾ (ਛਾਂਗਿਆ ਰੁੱਖ)

1.11 ਛਾਂਗਿਆ ਰੁੱਖ ਸਵੈ-ਜੀਵਨੀ ਵਿਚ ਪੇਸ਼ ਪ੍ਰੇਰਨਾ

1.12 ਭਾਰਤ ਵਿੱਚ ਦਲਿਤ ਵਰਗ ਵੰਡ ਅਤੇ ਸੰਘਰਸ਼

1.13 ਪੰਜਾਬ ਵਿੱਚ ਦਲਿਤ ਵਰਗ ਵੰਡ ਅਤੇ ਸੰਘਰਸ਼


## ਅਧਿਆਇ- ਦੂਜਾ


ਪੰਜਾਬੀ ਸਮਾਜ ਅਤੇ ਪੰਜਾਬੀ ਸਾਹਿਤ ਵਿੱਚ ਦਲਿਤ ਦ੍ਰਿਸ਼ਟੀ

2.1 ਨਾਵਲ ਸਾਹਿਤ ਵਿੱਚ ਦਲਿਤ ਦ੍ਰਿਸ਼ਟੀ

2.2 ਕਹਾਣੀ ਸਾਹਿਤ ਵਿੱਚ ਦਲਿਤ ਦ੍ਰਿਸ਼ਟੀ

2.3 ਜੀਵਨੀ ਤੇ ਸਵੈ ਜੀਵਨੀ ਸਾਹਿਤ ਵਿੱਚ ਦਲਿਤ ਦ੍ਰਿਸ਼ਟੀ

**ਅਧਿਆਇ- ਤੀਜਾ**

**ਪੰਜਾਬੀ ਸਵੈ ਜੀਵਨੀ ਵਿੱਚ ਪੇਸ਼ ਦਲਿਤ ਦ੍ਰਿਸ਼ਟੀ ਗਲਪੀ ਯਥਾਰਥ**

**3.1 ਜਾਗੀਰਦਾਰੀ ਅਤੇ ਕਿਸਾਨੀ ਵਰਗ ਵਿਚਲਾ ਸੰਘਰਸ਼**

**3.2 ਸਰਮਾਏਦਾਰੀ ਅਤੇ ਪ੍ਰੋਲਿਤਾਰੀ ਵਰਗ ਵਿਚਲਾ ਸੰਘਰਸ਼**

**3.3 ਨਿਮਨ ਜਮਾਤ ਦਾ ਕਿਸਾਨੀ ਜਮਾਤ ਨਾਲ ਸੰਘਰਸ਼**

**ਅਧਿਆਇ- ਚੌਥਾ**

**ਛਾਂਗਿਆ ਰੁੱਖ ਸਵੈ ਜੀਵਨੀ ਵਿੱਚ ਦਲਿਤ ਦ੍ਰਿਸ਼ਟੀ**

**4.1 ਜਾਗੀਰਦਾਰੀ /ਪੂੰਜੀਵਾਦੀ ਅਤੇ ਪਿੱਤਰਸੱਥਾ ਤੇ ਔਰਤ ਵਿਚਲਾ ਸੰਘਰਸ਼**

**4.2 ਕਿਸਾਨੀ ਤੇ ਕੰਮੀਂ ਜਮਾਤ ਦਾ ਆਪਸੀ ਸੰਘਰਸ਼**

**4.3 ਨੌਕਰਸ਼ਾਹੀ ਤੇ ਨਿਮਨ ਜਮਾਤ ਦਾ ਸੰਘਰਸ਼**

**4.4 ਨਿਮਨ ਜਮਾਤ ਦਾ ਆਪਸੀ ਅੰਦਰੂਨੀ ਸੰਘਰਸ਼**

**ਸਿੱਟਾ ਤੇ ਸਸਥਾਪਨਾਵਾਂ**

**ਪੁਸਤਕ ਸੂਚੀ**

# Balbir Madhopuri Rachit Svejivni 'Changia Rukh' vich pesh Dalit Drishty da Adhyan

# ਭੂਮਿਕਾ

ਹਥਲਾ ਖੋਜ ਕਾਰਜ "ਬਲਬੀਰ ਮਾਧੋਪੁਰੀ ਰਚਿਤ ਸਵੈ-ਜੀਵਨੀ ਛਾਂਗਿਆ ਰੁੱਖ ਵਿੱਚ ਪੇਸ਼ ਦਲਿਤ ਦ੍ਰਿਸ਼ਟੀ ਦਾ ਅਧਿਐਨ" ਵਿੱਚ ਦਲਿਤ ਦਾ ਸਿਧਾਂਤਕ ਪਰਿਪੇਖ ਤੇ ਬਲਵੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਵਿੱਚ ਦਲਿਤਾਂ ਦੇ ਮਸਲਿਆਂ, ਸਮੱਸਿਆਵਾਂ ਤੇ ਸਮਾਜ ਵਿੱਚ ਹੋ ਰਹੀ ਕਾਣੀ ਵੰਡ ਦੇ ਮੁੱਦਿਆਂ ਨੂੰ ਅਧਿਐਨ ਦਾ ਕੇਂਦਰ ਬਣਾਇਆਂ ਗਿਆ ਹੈ। ਦਲਿਤ ਨਾਲ ਸੰਬੰਧਿਤ ਬਹੁਤ ਸਾਰੇ ਮੁੱਦੇ ਉੱਭਰ ਕੇ ਸਾਹਮਣੇ ਆਉਂਦੇ ਹਨ। ਕੁੱਝ ਵਿਅਕਤੀਆਂ ਦੀ ਸੋਚ,ਸਮਝ ਦਲਿਤ ਪ੍ਰਤੀ ਇੱਕ ਜਾਤੀ ਜਾਂ ਜਮਾਤੀ ਸੰਦਰਭ ਨਾਲ ਜੁੜੀ ਹੁੰਦੀ ਹੈ। ਪਰ ਅਸਲ ਵਿੱਚ ਦਲਿਤ ਕਿਸੇ ਜਾਤ ਜਾਂ ਜਮਾਤ ਦਾ ਨਾਂ ਨਹੀਂ ਸਗੋਂ ਗ਼ਰੀਬ, ਬੇਸਹਾਰਾ, ਦੱਬੇ ਹੋਏ, ਲਿਤਾੜੇ ਹੋਏ ਜਾਂ ਸ਼ੋਸ਼ਿਤ ਵਰਗਾਂ ਲਈ ਵਰਤਿਆ ਜਾਂਦਾ ਹੈ।

ਐੱਮ.ਏ. ਪੰਜਾਬੀ ਦੀ ਸਿੱਖਿਆ ਦੌਰਾਨ, ਖੋਜ ਕਰਤਾ ਨੇ ਪੰਜਾਬੀ ਸਾਹਿਤ ਦੀਆਂ ਕਈ ਵਿਧਾਵਾਂ ਜਿਵੇਂ ਕਹਾਣੀ, ਨਾਵਲ, ਨਾਟਕ, ਨਿਬੰਧ, ਕਵਿਤਾ ਆਦਿ ਨੂੰ ਪੜ੍ਹਿਆ। ਜਰਨੈਲ ਸਿੰਘ ਸੇਖਾ ਦੀ ਸਵੈ-ਜੀਵਨੀ "ਚੇਤਿਆਂ ਦੀ ਚਿਲਮਨ", ਕਰਮਜੀਤ ਸਿੰਘ ਕੁੱਸਾ ਦਾ "ਜੀਵਨ ਤੇ ਰਚਨਾ" ਜੋ ਕਿ ਡਾ. ਬਲਦੇਵ ਸਿੰਘ ਧਾਲੀਵਾਲ ਦੁਆਰਾ ਲਿਖੀ ਗਈ ਪੁਸਤਕ ਹੈ, ਦਰਸ਼ਨ ਸਿੰਘ ਧੀਰ ਦੀ ਸਵੈ ਜੀਵਨੀ "ਪੂਰਬ-ਪੱਛਮ ਦੀ ਕਮਾਈ" ਨੂੰ ਪੜ੍ਹਿਆ। ਜਿਸ ਦੌਰਾਨ ਉਤਸੁਕਤਾ ਸਵੈ-ਜੀਵਨੀ ਪੜ੍ਹਨ ਤੇ ਲੇਖਕਾਂ ਦੇ ਅਸਲ ਜੀਵਨ ਨੂੰ ਜਾਣਨ ਪ੍ਰਤੀ ਹੋਰ ਵੱਧ ਗਈ। ਇਸ ਤੋਂ ਬਾਅਦ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ "ਛਾਂਗਿਆ ਰੁੱਖ" ਸਵੈ-ਜੀਵਨੀਆਂ ਨੂੰ ਪੜ੍ਹਿਆ ਤੇ ਇਸ ਨੂੰ ਨੇੜਿਓ ਵਾਚਣ ਦਾ ਯਤਨ ਕੀਤਾ। ਇਸ ਸਵੈ-ਜੀਵਨੀ ਵਿੱਚ ਦਲਿਤ ਦੇ ਮਸਲੇ ਵਧੇਰੇ ਯਥਾਰਥਕ ਲੱਗੇ। ਇਨ੍ਹਾਂ ਮਸਲਿਆਂ ਤੇ ਇੱਕ ਨਵੇਂ ਪੱਖ 'ਦਲਿਤ ਦ੍ਰਿਸ਼ਟੀ' ਤੋਂ ਅਧਿਐਨ ਕਰਨ ਲਈ ਇਸ ਸਵੈ-ਜੀਵਨੀ ਨੂੰ ਖੋਜ ਦਾ ਅਧਾਰ ਬਣਾਇਆ। ਹੁਣ ਤੱਕ ਸਵੈ ਜੀਵਨੀ 'ਤੇ ਆਲੋਚਨਾਤਮਿਕ, ਮਨੋਵਿਸ਼ਲੇਸ਼ਣਾਤਮਿਕ, ਨਾਰੀਵਾਦੀ, ਨਾਰੀ ਸੰਵੇਦਨਾ, ਵਿਅਕਤੀਤਵ ਦੀ ਪੇਸ਼ਕਾਰੀ, ਸਵੈ ਬਿੰਬ ਤੇ ਇਤਿਹਾਸ, ਨਿਕਟ ਅਧਿਐਨ, ਬਿਰਤਾਂਤ ਸ਼ਾਸਤਰੀ ਅਧਿਐਨ ਆਦਿ ਵਿਸ਼ਿਆਂ ਉੱਤੇ ਹੀ ਖੋਜ ਕਾਰਜ ਹੋਇਆ ਹੈ। ਦਲਿਤ ਦ੍ਰਿਸ਼ਟੀ ਤੇ ਸਿਰਫ਼ ਕਵਿਤਾ ਦੇ ਖੇਤਰ ਵਿੱਚ ਹੀ ਕਾਰਜ ਹੋਇਆ ਹੈ, ਪਰ ਸਵੈ-ਜੀਵਨੀ ਦੇ ਖੇਤਰ ਵਿੱਚ ਇਸ ਪੱਖ ਤੇ ਕੋਈ ਵੀ ਕਾਰਜ ਨਹੀਂ ਹੋਇਆ। ਕਵਿਤਾ ਦੇ ਖੇਤਰ ਵਿੱਚ 'ਕਬੀਰ ਕਾਵਿ ਦਲਿਤ ਦ੍ਰਿਸ਼ਟੀ ਦਾ ਕਾਵਿ-ਪ੍ਰਵਚਨ' (ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਚਨਾ ਦੇ ਸੰਦਰਭ ਵਿੱਚ) ਸਬੰਧਿਤ ਵਿਸ਼ੇ ਤੇ ਹੀ ਦਲਿਤ ਦ੍ਰਿਸ਼ਟੀ ਬਾਰੇ ਅਧਿਐਨ ਹੋਇਆ ਹੈ, ਪਰ ਸਵੈ-ਜੀਵਨੀ ਵਿੱਚ ਨਹੀਂ। ਇਸ ਕਰ ਕੇ ਹਥਲਾ ਖੋਜ ਕਾਰਜ 'ਪੰਜਾਬੀ ਸਵੈ-ਜੀਵਨੀ ਵਿਚ ਪੇਸ਼ ਦਲਿਤ ਦ੍ਰਿਸ਼ਟੀ ਦਾ ਅਧਿਐਨ' ਇੱਕ ਨਿਵੇਕਲਾ ਖੋਜ ਕਾਰਜ ਹੈ।

Balbir Madhopuri Rachit Svejivni 'Changia Rukh' vich pesh Dalit Drishty da Adhyan

# ਅਧਿਆਇ-ਪਹਿਲਾ

# ਸਿਧਾਤਕ ਪਿੱਠ-ਭੂਮੀ

**ਭੂਮਿਕਾ**

ਹਥਲਾ ਖੋਜ ਕਾਰਜ "ਬਲਬੀਰ ਮਾਧੋਪੁਰੀ ਰਚਿਤ ਸਵੈ-ਜੀਵਨੀ ਛਾਂਗਿਆ ਰੁੱਖ ਵਿੱਚ ਪੇਸ਼ ਦਲਿਤ ਦ੍ਰਿਸ਼ਟੀ ਦਾ ਅਧਿਐਨ" ਵਿੱਚ ਦਲਿਤ ਦਾ ਸਿਧਾਂਤਕ ਪਰਿਪੇਖ ਤੇ ਬਲਵੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਵਿੱਚ ਦਲਿਤਾਂ ਦੇ ਮਸਲਿਆਂ, ਸਮੱਸਿਆਵਾਂ ਤੇ ਸਮਾਜ ਵਿੱਚ ਹੋ ਰਹੀ ਕਾਣੀ ਵੰਡ ਦੇ ਮੁੱਦਿਆਂ ਨੂੰ ਅਧਿਐਨ ਦਾ ਕੇਂਦਰ ਬਣਾਇਆਂ ਗਿਆ ਹੈ। ਦਲਿਤ ਨਾਲ ਸੰਬੰਧਿਤ ਬਹੁਤ ਸਾਰੇ ਮੁੱਦੇ ਉੱਭਰ ਕੇ ਸਾਹਮਣੇ ਆਉਂਦੇ ਹਨ। ਕੁੱਝ ਵਿਅਕਤੀਆਂ ਦੀ ਸੋਚ,ਸਮਝ ਦਲਿਤ ਪ੍ਰਤੀ ਇੱਕ ਜਾਤੀ ਜਾਂ ਜਮਾਤੀ ਸੰਦਰਭ ਨਾਲ ਜੁੜੀ ਹੁੰਦੀ ਹੈ। ਪਰ ਅਸਲ ਵਿੱਚ ਦਲਿਤ ਕਿਸੇ ਜਾਤ ਜਾਂ ਜਮਾਤ ਦਾ ਨਾਂ ਨਹੀਂ ਸਗੋਂ ਗ਼ਰੀਬ, ਬੇਸਹਾਰਾ, ਦੱਬੇ ਹੋਏ, ਲਿਤਾੜੇ ਹੋਏ ਜਾਂ ਸ਼ੋਸ਼ਿਤ ਵਰਗਾਂ ਲਈ ਵਰਤਿਆ ਜਾਂਦਾ ਹੈ।

ਐੱਮ.ਏ. ਪੰਜਾਬੀ ਦੀ ਸਿੱਖਿਆ ਦੌਰਾਨ, ਖੋਜ ਕਰਤਾ ਨੇ ਪੰਜਾਬੀ ਸਾਹਿਤ ਦੀਆਂ ਕਈ ਵਿਧਾਵਾਂ ਜਿਵੇਂ ਕਹਾਣੀ, ਨਾਵਲ, ਨਾਟਕ, ਨਿਬੰਧ, ਕਵਿਤਾ ਆਦਿ ਨੂੰ ਪੜ੍ਹਿਆ। ਜਰਨੈਲ ਸਿੰਘ ਸੇਖਾ ਦੀ ਸਵੈ-ਜੀਵਨੀ "ਚੇਤਿਆਂ ਦੀ ਚਿਲਮਨ", ਕਰਮਜੀਤ ਸਿੰਘ ਕੁੱਸਾ ਦਾ "ਜੀਵਨ ਤੇ ਰਚਨਾ" ਜੋ ਕਿ ਡਾ. ਬਲਦੇਵ ਸਿੰਘ ਧਾਲੀਵਾਲ ਦੁਆਰਾ ਲਿਖੀ ਗਈ ਪੁਸਤਕ ਹੈ, ਦਰਸ਼ਨ ਸਿੰਘ ਧੀਰ ਦੀ ਸਵੈ ਜੀਵਨੀ "ਪੂਰਬ-ਪੱਛਮ ਦੀ ਕਮਾਈ" ਨੂੰ ਪੜ੍ਹਿਆ। ਜਿਸ ਦੌਰਾਨ ਉਤਸੁਕਤਾ ਸਵੈ-ਜੀਵਨੀ ਪੜ੍ਹਨ ਤੇ ਲੇਖਕਾਂ ਦੇ ਅਸਲ ਜੀਵਨ ਨੂੰ ਜਾਣਨ ਪ੍ਰਤੀ ਹੋਰ ਵੱਧ ਗਈ। ਇਸ ਤੋਂ ਬਾਅਦ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ "ਛਾਂਗਿਆ ਰੁੱਖ" ਸਵੈ-ਜੀਵਨੀਆਂ ਨੂੰ ਪੜ੍ਹਿਆ ਤੇ ਇਸ ਨੂੰ ਨੇੜਿਓ ਵਾਚਣ ਦਾ ਯਤਨ ਕੀਤਾ। ਇਸ ਸਵੈ-ਜੀਵਨੀ ਵਿੱਚ ਦਲਿਤ ਦੇ ਮਸਲੇ ਵਧੇਰੇ ਯਥਾਰਥਕ ਲੱਗੇ। ਇਨ੍ਹਾਂ ਮਸਲਿਆਂ ਤੇ ਇੱਕ ਨਵੇਂ ਪੱਖ 'ਦਲਿਤ ਦ੍ਰਿਸ਼ਟੀ' ਤੋਂ ਅਧਿਐਨ ਕਰਨ ਲਈ ਇਸ ਸਵੈ-ਜੀਵਨੀ ਨੂੰ ਖੋਜ ਦਾ ਅਧਾਰ ਬਣਾਇਆ। ਹੁਣ ਤੱਕ ਸਵੈ ਜੀਵਨੀ 'ਤੇ ਆਲੋਚਨਾਤਮਿਕ, ਮਨੋਵਿਸ਼ਲੇਸ਼ਣਾਤਮਿਕ, ਨਾਰੀਵਾਦੀ, ਨਾਰੀ ਸੰਵੇਦਨਾ, ਵਿਅਕਤੀਤਵ ਦੀ ਪੇਸ਼ਕਾਰੀ, ਸਵੈ ਬਿੰਬ ਤੇ ਇਤਿਹਾਸ, ਨਿਕਟ ਅਧਿਐਨ, ਬਿਰਤਾਂਤ ਸ਼ਾਸਤਰੀ ਅਧਿਐਨ ਆਦਿ ਵਿਸ਼ਿਆਂ ਉੱਤੇ ਹੀ ਖੋਜ ਕਾਰਜ ਹੋਇਆ ਹੈ। ਦਲਿਤ ਦ੍ਰਿਸ਼ਟੀ ਤੇ ਸਿਰਫ਼ ਕਵਿਤਾ ਦੇ ਖੇਤਰ ਵਿੱਚ ਹੀ ਕਾਰਜ ਹੋਇਆ ਹੈ, ਪਰ ਸਵੈ-ਜੀਵਨੀ ਦੇ ਖੇਤਰ ਵਿੱਚ ਇਸ ਪੱਖ ਤੇ ਕੋਈ ਵੀ ਕਾਰਜ ਨਹੀਂ ਹੋਇਆ। ਕਵਿਤਾ ਦੇ ਖੇਤਰ ਵਿੱਚ 'ਕਬੀਰ ਕਾਵਿ ਦਲਿਤ ਦ੍ਰਿਸ਼ਟੀ ਦਾ ਕਾਵਿ-ਪ੍ਰਵਚਨ' (ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਚਨਾ ਦੇ

ਸੰਦਰਭ ਵਿੱਚ) ਸਬੰਧਿਤ ਵਿਸ਼ੇ ਤੇ ਹੀ ਦਲਿਤ ਦ੍ਰਿਸ਼ਟੀ ਬਾਰੇ ਅਧਿਐਨ ਹੋਇਆ ਹੈ, ਪਰ ਸਵੈ-ਜੀਵਨੀ ਵਿੱਚ ਨਹੀਂ। ਇਸ ਕਰ ਕੇ ਹਥਲਾ ਖੋਜ ਕਾਰਜ 'ਪੰਜਾਬੀ ਸਵੈ-ਜੀਵਨੀ ਵਿਚ ਪੇਸ਼ ਦਲਿਤ ਦ੍ਰਿਸ਼ਟੀ ਦਾ ਅਧਿਐਨ' ਇੱਕ ਨਿਵੇਕਲਾ ਖੋਜ ਕਾਰਜ ਹੈ।

ਹਥਲੇ ਖੋਜ ਕਾਰਜ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ। ਇਸ ਖੋਜ ਕਾਰਜ ਦਾ ਪਹਿਲਾ ਅਧਿਆਇ ਸਿਧਾਂਤਕ ਪਰਿਪੇਖ ਹੈ ਜਿਸ ਵਿਚ ਸਵੈ-ਜੀਵਨੀ, ਦਲਿਤ ਦੇ ਸਿਧਾਂਤ ਨੂੰ ਉਲੀਕਣ ਤੋਂ ਇਲਾਵਾ ਸਵੈ-ਜੀਵਨੀ ਦਾ ਇਤਿਹਾਸ, ਬਲਬੀਰ ਮਾਧੋਪੁਰੀ ਦਾ ਜੀਵਨ ਤੇ ਉਸ ਦੀ ਰਚਨਾ ਛਾਂਗਿਆਂ ਰੁੱਖ, ਭਾਰਤ ਵਿਚ ਦਲਿਤ ਵਰਗ ਵੰਡ ਸੰਘਰਸ਼ ਤੇ ਪੰਜਾਬ ਵਿਚ ਦਲਿਤ ਵਰਗ ਵੰਡ ਸੰਘਰਸ਼ ਨਾਲ ਸੰਬੰਧਿਤ ਵੀ ਵਿਸਥਾਰ ਪੂਰਵ ਜਾਣਕਾਰੀ ਦਿੱਤੀ ਹੈ।

ਦੂਜੇ ਅਧਿਆਇ ਵਿਚ ਸਾਹਿਤ ਵਿਚ ਪੇਸ਼ ਦਲਿਤ ਦ੍ਰਿਸ਼ਟੀ ਦਾ ਅਧਿਐਨ ਕੀਤਾ ਹੈ ਜਿਸ ਵਿਚ ਨਾਵਲ, ਕਹਾਣੀ ਤੇ ਸਵੈ-ਜੀਵਨੀ ਨੂੰ ਅਧਾਰ ਬਣਾਇਆ ਹੈ।

ਤੀਜੇ ਅਧਿਆਇ ਪੰਜਾਬੀ ਸਵੈ-ਜੀਵਨੀ ਵਿਚ ਪੇਸ਼ ਦਲਿਤ ਦ੍ਰਿਸ਼ਟੀ ਗਲਪੀ ਯਥਾਰਥ ਹੈ। ਜਿਸ ਵਿਚ ਜਾਗੀਰਦਾਰ ਤੇ ਕਿਸਾਨ ਵਰਗ ਵਿਚਲਾ ਸੰਘਰਸ਼, ਸਰਮਾਏਦਾਰੀ ਤੇ ਪ੍ਰੋਲਿਤਾਰੀ ਵਰਗ ਵਿਚਲਾ ਸੰਘਰਸ਼ ਤੇ ਨਿਮਨ ਜਮਾਤ ਦਾ ਕਿਸਾਨੀ ਜਮਾਤ ਨਾਲ ਸੰਘਰਸ਼ ਨੂੰ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਦੇ ਅਧਾਰ 'ਤੇ ਕੀਤਾ ਗਿਆ ਹੈ।

ਚੌਥੇ ਅਧਿਆਇ ਛਾਂਗਿਆਂ ਰੁੱਖ ਸਵੈ-ਜੀਵਨੀ ਵਿਚ ਦਲਿਤ ਦ੍ਰਿਸ਼ਟੀ ਹੈ ਜਿਸ ਵਿਚ ਜਾਗੀਰਦਾਰ/ਪੂੰਜੀਵਾਦੀ ਅਤੇ ਪਿੱਤ ਰਸਤਾ ਤੇ ਔਰਤ ਵਿਚਲਾ ਸੰਘਰਸ਼, ਕਿਸਾਨੀ ਤੇ ਕੰਮੀਂ ਜਮਾਤ ਦਾ ਆਪਸੀ ਸੰਘਰਸ਼, ਨੌਕਰਸ਼ਾਹੀ ਤੇ ਨਿਮਨ ਜਮਾਤ ਦਾ ਸੰਘਰਸ਼ ਤੇ ਨਿਮਨ ਜਮਾਤ ਦਾ ਆਪਸੀ ਅੰਦਰੂਨੀ ਸੰਘਰਸ਼ ਨੂੰ ਪੇਸ਼ ਕੀਤਾ ਹੈ। ਅੰਤ ਵਿਚ ਸਾਰ ਤੇ ਸਥਾਪਨਾਵਾਂ ਪੇਸ਼ ਕੀਤੀਆਂ ਹਨ।

ਬਲਬੀਰ ਮਾਧੋਪੁਰੀ ਨੇ ਦਲਿਤਾਂ ਦੇ ਮਸਲਿਆਂ ਨੂੰ ਸਮਝਿਆ ਹੀ ਨਹੀਂ ਬਲਕਿ ਖ਼ੁਦ ਵੀ ਉਨ੍ਹਾਂ ਸਮੱਸਿਆਵਾਂ ਨੂੰ ਭੋਗਿਆ ਹੈ। ਉਸ ਨੇ ਆਪਣੀਆਂ ਰਚਨਾਵਾਂ ਵਿੱਚ ਦਲਿਤਾਂ ਦੇ ਮਸਲਿਆਂ ਨੂੰ ਯਥਾਰਥਕ ਢੰਗ ਨਾਲ ਪੇਸ਼ ਕੀਤਾ। ਇਸੇ ਕਾਰਨ ਉਸ ਦੀ ਪੇਸ਼ਕਾਰੀ ਵਿੱਚ ਦਲਿਤ ਦੇ ਮਸਲੇ ਵਧੇਰੇ ਯਥਾਰਥਕ ਪ੍ਰਤੀਤ ਹੁੰਦੇ ਹਨ। ਇਸੇ ਕਾਰਨ ਸਵੈ-ਜੀਵਨੀ 'ਛਾਂਗਿਆ ਰੁੱਖ' ਨੂੰ ਹਥਲੀ ਖੋਜ ਦਾ ਆਧਾਰ ਬਣਾਇਆ ਗਿਆ ਹੈ।

## 1.1. ਸਮੱਸਿਆ ਕਥਨ

## Balbir Madhopuri Rachit Svejivni 'Changia Rukh' vich pesh Dalit Drishty da Adhyan

ਭਾਰਤੀ ਅਤੇ ਪੰਜਾਬੀ ਸਮਾਜ ਵਿਚ ਅੱਜ ਇੱਕਵੀਂ ਸਦੀ ਵਿਚ ਵੀ ਜਾਤੀ ਤੇ ਜਮਾਤੀ ਸੰਘਰਸ਼ ਜਾਰੀ ਹੈ। ਦਲਿਤ ਵਰਗ ਨੂੰ ਪੇਸ਼ ਸਮੱਸਿਆਵਾਂ, ਉਨ੍ਹਾਂ ਦੇ ਕਾਰਨ ਅਤੇ ਦਰਪੇਸ਼ ਸਮੱਸਿਆਵਾਂ ਦੇ ਹੱਕ ਲਈ ਅਜੋਕੇ ਸਮਾਜ ਵਿਚ ਜਾਗਰੂਕਤਾ ਜਾਂ ਚੇਤਨਤਾ ਲਿਆਉਣ ਦੀ ਜਰੂਰਤ ਹੈ। ਇਸੇ ਯਤਨ ਵਜੋਂ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਛਾਂਗਿਆ ਰੁੱਖ ਨੂੰ ਅਧਾਰ ਬਣਾ ਕੇ "ਪੰਜਾਬੀ ਸਵੈ-ਜੀਵਨੀ ਵਿਚ ਪੇਸ਼ ਦਲਿਤ ਦ੍ਰਿਸ਼ਟੀ ਦਾ ਅਧਿਐਨ ਹਥਲੇ ਖੋਜ ਕਾਰਜ ਦਾ ਕੇਂਦਰ ਬਿੰਦੂ ਨਿਰਧਾਰਤ ਕੀਤਾ ਗਿਆ ਹੈ।

### 1.2. ਉਚਿੱਤਤਾ/ ਪ੍ਰਸਗਿਕਤਾ

ਭਾਰਤੀ ਸਮਾਜ ਸ਼ੁਰੂ ਤੋਂ ਹੀ ਜਗੀਰਦਾਰੀ ਤੇ ਕਥਿਤ ਉੱਚ ਸ਼੍ਰੇਣੀ ਦਾ ਹੱਥ ਠੋਕਾ ਰਿਹਾ ਹੈ। ਜਿਸ ਵਿੱਚ ਦਲਿਤ ਵਰਗ (ਕੇਵਲ ਜਾਤੀਗਤ ਅਧਾਰ ਨਹੀਂ ਬਲਕਿ ਆਰਥਿਕ ਸਮਾਜਿਕ ਸਥਿਤੀ ਅਨੁਸਾਰ) ਨੂੰ ਬਣਦੇ ਹੱਕਾਂ ਨੂੰ ਵਾਂਙਿਆਂ ਹੀ ਨਹੀਂ ਰੱਖਿਆ ਗਿਆ ਬਲਕਿ ਉਨ੍ਹਾਂ ਦਾ ਸ਼ੋਸ਼ਣ ਵੀ ਕੀਤਾ ਗਿਆ। ਉਨ੍ਹਾਂ ਦੇ ਹੱਕਾਂ ਤੇ ਭਾਵਨਾਵਾਂ ਨੂੰ ਕੁਚਲਿਆ ਗਿਆ। ਇਸ ਪ੍ਰਸੰਗ ਵਿੱਚ ਹਥਲੇ ਖੋਜ ਕਾਰਜ ਦਾ ਮੁੱਖ ਉਦੇਸ਼ ਅਜੋਕੇ ਸਮਾਜ ਵਿੱਚ ਵਿਚਰ ਰਹੇ ਇਨ੍ਹਾਂ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਸਾਹਿਤਕਾਰ ਦੀ ਸਵੈ ਜੀਵਨੀ (ਬਲਬੀਰ ਮਾਧੋਪੁਰੀ) ਰਾਹੀਂ ਸਮੁੱਚੇ ਦਲਿਤ ਵਰਗ ਦੀ ਮਾਨਸਿਕ ਪੀੜਾਂ ਅਤੇ ਅਨੁਭਵ ਦਾ ਅਧਿਐਨ ਕਰਨਾ ਹੈ।

ਬਲਬੀਰ ਮਾਧੋਪੁਰੀ ਦੁਆਰਾ ਰਚਿਤ ਛਾਂਗਿਆ ਰੁੱਖ ਸਵੈ-ਜੀਵਨੀ ਅੱਜ ਦੇ ਸਮੇਂ ਦੀ ਹੈ ਜਿਸ ਕਾਰਨ ਇਸ ਦੀ ਸਾਰਥਿਕਤਾ ਕਾਇਮ ਹੈ। ਅਜੋਕੇ ਭਾਰਤੀ ਸਮਾਜ ਵਿਚ ਵੀ ਜਾਤ-ਪਾਤ, ਊਚ-ਨੀਚ ਭੇਦ-ਭਾਵ ਆਦਿ ਦਲਿਤ ਦ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ। ਬਲਬੀਰ ਮਾਧੋਪੁਰੀ ਨੇ ਦਲਿਤ ਵਰਗ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਯਥਾਰਥਕ ਢੰਗ ਨਾਲ ਕੀਤੀ ਹੈ ਤਾਂ ਜੋ ਇਸ ਦੀ ਪ੍ਰਸੰਗਿਕਤਾ ਬਰਕਰਾਰ ਰਹੇ। ਇਸ ਮੰਤਵ ਲਈ ਮਾਧੋਪੁਰੀ ਨੇ ਨਾ-ਮਾਤਰ ਕਲਪਨਾ ਦਾ ਸਹਾਰਾ ਲਿਆ। ਇਸ ਲਈ ਹਥਲੇ ਖੋਜ ਕਾਰਜ ਨੂੰ ਆਪਣੇ ਖੋਜ ਦਾ ਅਧਾਰ ਬਣਾਇਆ। ਦੂਜਾ ਮੁੱਖ ਕਾਰਨ ਦਲਿਤ ਦੀਆਂ ਸਮੱਸਿਆਵਾਂ ਦਾ ਮੌਜੂਦਾ ਸਮੇਂ ਵਿਚ ਹੋਣਾ ਵੀ ਦਲਿਤ ਦੇ ਵਿਸ਼ੇ 'ਤੇ ਖੋਜ ਕਾਰਜ ਲਈ ਪ੍ਰੇਰਦਾ ਤਾਂ ਜੋ ਅਜੋਕੇ ਸਮਾਜ ਵਿਚ ਘਟੋਂ ਘੱਟ ਪੜ੍ਹੇ ਲਿਖੇ ਵਰਗ ਨੂੰ ਦਲਿਤ ਦੇ ਅਰਥ ਤੇ ਸਮੱਸਿਆਵਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ

ਜਾਗੀਰਦਾਰ, ਪੂੰਜੀਵਾਦੀ ਤੇ ਸਰਮਾਏਦਾਰ ਵਰਗ ਦ ਲੁੱਟ ਖਸੁੱਟ ਦੀ ਝਲਕ ਅਜੋਕੇ ਸਮਾਜ ਵਿਚ ਵੀ ਪੈਂਦੀ ਹੈ। ਸ਼ੋਸ਼ਕ ਧਿਰਾਂ ਦੀ ਇਸ ਲੁੱਟ ਦਾ ਖਾਮਿਆਜਾ ਸ਼ੋਸ਼ਿਤ ਵਰਗ ਨੂੰ ਭੁਗਤਣਾ ਪੈਂਦਾ। ਜਾਗੀਰਦਾਰ, ਸਰਮਾਏਦਾਰ ਕਿਸਾਨ ਵਰਗ ਦਾ ਸ਼ੋਸ਼ਣ ਅੱਜ ਦੇ ਸਮੇਂ ਵਿਚ ਵੀ ਕਰ ਰਹੇ ਹਨ ਤੇ ਕਿਸਾਨਾਂ ਦਾ ਇਨ੍ਹਾਂ ਸ਼ੋਸ਼ਕ ਧਿਰਾਂ ਵਿਰੁੱਧ ਅੱਜ ਵੀ ਸੰਘਰਸ਼ ਜਾਰੀ ਹੈ। ਕਿਸਾਨ ਵਰਗ ਦਾ ਸ਼ੋਸ਼ਣ ਉਸ ਤੋਂ ਉੱਪਰਲੀ ਧਿਰ ਭਾਵ

ਜਾਗੀਰਦਾਰ, ਸਰਮਾਏਦਾਰ ਕਰਦੇ ਤੇ ਨਿਮਨ ਵਰਗ ਤੇ ਕੰਮੀਂ ਕਮੀਣਾਂ ਦਾ ਸ਼ੋਸ਼ਣ ਕਿਸਾਨ ਵਰਗ ਕਰਦਾ। ਅਜੋਕੇ ਦੌਰ ਵਿਚ ਵੀ ਕੰਮੀਂ ਕਮੀਣਾਂ, ਕਿਸਾਨ ਵਰਗ ਵਿਰੁੱਧ ਸੰਘਰਸ਼ ਕਰਦਾ। ਕੰਮੀਂ ਕਮੀਣਾਂ ਦੀ ਘੱਟ ਦਿਹਾੜੀ, ਕੰਮ ਕਰਨ ਦਾ ਸਮਾਂ ਅਨਿਸ਼ਚਿਤ ਤੇ ਮੁਫ਼ਤ ਦੀਆਂ ਵਗਾਰਾਂ ਬੁੱਤੀਆਂ ਅੱਜ ਦੇ ਸਮੇਂ ਵਿਚ ਵੀ ਹੁੰਦੀਆਂ ਹਨ।

ਔਰਤ ਦਾ ਸੰਤਾਪ ਤੇ ਤ੍ਰਾਸਦੀ ਅੱਜ ਦੇ ਸਮੇਂ ਵਿਚ ਵੀ ਕਾਇਮ ਹੈ।ਮਰਦ ਦੀ ਔਰਤ ਨੂੰ ਦਬਾਉਣ ਦੀ ਰੁਚੀ ਦਾ ਖ਼ਾਤਮਾ ਇੱਕੀਵੀਂ ਸਦੀ ਵਿਚ ਵੀ ਨਹੀਂ ਹੋਇਆ। ਛਾਂਗਿਆ ਰੁੱਖ ਸਵੈ-ਜੀਵਨੀ ਵਿਚ ਪੇਸ਼ ਔਰਤ ਦੇ ਸੰਤਾਪ ਤੇ ਤ੍ਰਾਸਦੀ ਨਾਲ ਸੰਬੰਧਿਤ ਘਟਨਾਵਾਂ ਅੱਜ ਦੇ ਸਮੇਂ ਦੀ ਔਰਤ ਦੀ ਦਸ਼ਾ ਨੂੰ ਹੀ ਬਿਆਨ ਕਰਦੀਆਂ ਹਨ। ਅਜੋਕੇ ਭਾਰਤੀ ਸਮਾਜ ਵਿਚ ਔਰਤ, ਮਰਦ ਦਾ ਵਿਰੋਧ ਕਰਨਾ ਸ਼ੁਰੂ ਕਰਦੀ ਹੈ ਤੇ ਛਾਂਗਿਆਂ ਰੁੱਖ ਸਵੈ-ਜੀਵਨੀ ਵਿਚ ਵੀ ਇਸ ਸੰਘਰਸ਼ ਦੀ ਸ਼ੁਰੂਆਤ ਮਿਲਦੀ ਹੈ।

ਛਾਂਗਿਆ ਰੁੱਖ ਸਵੈ-ਜੀਵਨੀ ਵਿਚ ਨਿਮਨ ਵਰਗ ਦਾ ਆਪਸੀ ਅੰਦਰੂਨੀ ਸੰਘਰਸ਼ ਦਾ ਮੁੱਦਾ ਵੀ ਸਾਹਮਣੇ ਆਉਂਦਾ ਹੈ। ਇਹ ਮਸਲਾ ਅੱਜ ਦੇ ਸਮੇਂ ਵਿਚ ਵੀ ਸਾਫ਼ ਝਲਕਦਾ ਹੈ। ਨਿਮਨ ਵਰਗ ਦੇ ਆਪਣਿਆਂ ਨੂੰ ਹੀ ਅੱਗੇ ਵਧਦਾ ਦੇਖ ਕੇ ਖ਼ੁਸ਼ ਨਹੀਂ ਹੁੰਦੇ ਉਹ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਪਿੱਛੇ ਧੱਕਣ ਦਾ ਯਤਨ ਕਰਦੇ ਰਹਿੰਦੇ।

## 1.3. ਉਦੇਸ਼

ਕੋਈ ਵੀ ਖੋਜ ਉਦੇਸ਼ ਰਹਿਤ ਨਹੀਂ ਹੁੰਦੀ ਹੈ। ਇਸ ਕਰ ਕੇ ਉਦੇਸ਼ ਸਾਫ਼ ਤੇ ਸਪਸ਼ਟ ਹੋਣੇ ਚਾਹੀਦੇ ਹਨ ਤਾਂ ਜੋ ਨਿਰਧਾਰਤ ਸਮੇਂ ਅਤੇ ਸੋਮਿਆਂ ਰਾਹੀਂ ਉਦੇਸ਼ਾਂ ਦੀ ਪੂਰਤੀ ਸੰਭਵ ਹੋ ਸਕੇ। ਇਸ ਖੋਜ ਕਾਰਜ ਦੇ ਮੁੱਖ ਉਦੇਸ਼ ਹਨ-

1.ਦਲਿਤ ਵਰਗਾਂ ਦੀਆ ਮੂਲ ਸਮੱਸਿਆਵਾਂ ਦੀ ਪਛਾਣ ਕਰਨੀ।

2.ਦਲਿਤ ਵਰਗਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਕਾਰਨ ਤਲਾਸ਼ਣੇ।

3.ਦਲਿਤਾਂ ਦੀਆਂ ਸਮੱਸਿਆਵਾਂ ਦੇ ਸਾਹਿਤ ਵਿੱਚ ਪ੍ਰਾਪਤ ਵੇਰਵਿਆਂ ਦਾ ਮੁਲਾਂਕਣ ਕਰਨਾ।

## 1.4. ਖੋਜ ਵਿਧੀ

ਕਿਸੇ ਵੀ ਖੋਜ ਕਾਰਜ ਲਈ ਕੁੱਝ ਖੋਜ ਵਿਧੀਆਂ ਦੀ ਵਰਤੋਂ ਕਰਨੀ ਜਰੂਰੀ ਹੁੰਦੀ ਹੈ। ਵਿਸ਼ੇ ਦੇ ਅਧਾਰ ’ਤੇ ਅਲੱਗ-ਅਲੱਗ ਖੋਜ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਪੰਜਾਬੀ ਸਵੈ-ਜੀਵਨੀ ਦਾ ਦਲਿਤ ਦ੍ਰਿਸ਼ਟੀ ਅਧਿਐਨ” ਵਿਸ਼ੇ ’ਤੇ ਖੋਜ ਕਰਨ ਲਈ ਸਮਾਜ ਸ਼ਾਸਤਰੀ, ਮਨੋਵਿਗਿਆਨਿਕ ਤੇ ਤੁਲਨਾਤਮਿਕ ਵਿਧੀ ਦੀ ਵਰਤੋਂ ਕੀਤੀ ਗਈ ਹੈ। ਸਵੈ-ਜੀਵਨੀ ਨੂੰ ਜਾਣਨ ਤੇ ਪਰਖਣ ਲਈ ਸਮਾਜ ਸ਼ਾਸਤਰੀ ਵਿਧੀ ਦੀ ਵਰਤੋਂ ਲਾਜ਼ਮੀ

ਹੈ। ਮਨੋਵਿਗਿਆਨਿਕ ਵਿਧੀ ਦੀ ਵਰਤੋਂ ਰਚਨਹਾਰੇ ਦੀ ਮਨੋਂ ਦਸ਼ਾ ਨੂੰ ਜਾਣਨ ਪਰਖਣ ਲਈ ਕੀਤੀ ਗਈ ਹੈ। ਇਨ੍ਹਾਂ ਵਿਧੀਆਂ ਤੋਂ ਇਲਾਵਾ ਤੁਲਨਾਤਮਿਕ ਵਿਧੀ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਵਿਧੀ ਰਾਹੀਂ ਰਚਨਹਾਰੇ ਦੀ ਸਵੈ-ਜੀਵਨੀ ਦੀ ਉਸ ਦੁਆਰਾ ਰਚੀਆਂ ਹੋਰ ਰਚਨਾਵਾਂ ਦਾ ਉਸ ਦੀ ਸਵੈ-ਜੀਵਨੀ ਨਾਲ ਤੁਲਨਾ ਕੀਤੀ ਗਈ ਹੈ।

### 1.4.1. ਸਮਾਜ ਸ਼ਾਸਤਰੀ

ਸਮਾਜ ਕਿਸੇ ਵੀ ਤਰੱਕੀ ਤੇ ਉਨਤੀ ਦਾ ਸੂਚਕ ਹੁੰਦਾ ਹੈ। ਜਿਸ ਨਾਲ ਸਮਾਜ ਦੇ ਵੱਖ-ਵੱਖ ਪਹਿਲੂਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਹ ਸਵੈ-ਜੀਵਨੀ ਸਮੁੱਚੇ ਰੂਪ ਵਿੱਚ ਸਮਾਜ ਸਭਿਆਚਾਰ ਦੀ ਪੇਸ਼ਕਾਰੀ ਹੈ। ਸਮਾਜ ਦੇ ਵਿਭਿੰਨ ਪਹਿਲੂਆਂ ਨੂੰ ਵਿਚਾਰਿਆ ਜਾਂਦਾ ਹੈ। ਜਿਵੇਂ ਸਵੈ-ਜੀਵਨੀ ਵਿੱਚ ਦਲਿਤ ਵਰਗ ਦੇ ਸੱਚ ਨੂੰ ਪੇਸ਼ ਕੀਤਾ ਹੈ, ਤੇ ਇਸ ਤੋਂ ਇਲਾਵਾ ਪੂੰਜੀਵਾਦੀ ਤੇ ਕਥਿਤ ਸ਼੍ਰੇਣੀ ਦੁਆਰਾ ਸ਼ੋਸ਼ਿਤ ਵਰਗਾਂ ਦੇ ਪ੍ਰਸੰਗ ਵਿੱਚ ਪੇਸ਼ਕਾਰੀ ਹੈ। ਗ਼ਰੀਬ, ਬੇਸਹਾਰਾ, ਲਿਤਾੜੇ ਹੋਏ ਤੇ ਨਿਮਨ ਵਰਗ ਦੀ ਕਿਸਾਨੀ ਸੰਕਟ ਨੂੰ ਦਲਿਤ ਦੇ ਮਸਲਿਆ ਨੂੰ ਜੋੜਿਆ ਜਾਂਦਾ ਹੈ। ਇਸ ਖੋਜ ਕਾਰਜ ਵਿੱਚ ਤੁਲਨਾਤਮਿਕ ਵਿਧੀ, ਮਨੋਵਿਸ਼ਲੇਸ਼ਣਾਤਮਕ ਤੇ ਸਮਾਜ ਸ਼ਾਸਤਰੀ ਵਿਧੀ ਅਪਣਾਈ ਜਾਵੇਗੀ।

### 1.4.2. ਮਨੋਵਿਗਿਆਨਿਕ ਵਿਧੀ

ਮਨੋਵਿਗਿਆਨਿਕ ਵਿਧੀ ਦਾ ਸੰਬੰਧ ਸਾਹਿਤਕਾਰ ਤੇ ਉਸ ਨੇ ਆਪਣੀ ਰਚਨਾ ਵਿੱਚ ਵਰਤੇ ਪਾਤਰਾਂ ਦੀ ਮਨੋਂ ਦਸ਼ਾ ਦਾ ਮੁਲਾਂਕਣ ਕਰਨ ਨਾਲ ਹੁੰਦਾ ਹੈ। ਇਸ ਵਿਧੀ ਰਾਹੀਂ ਪਾਤਰਾਂ ਦੁਆਰਾ ਪੇਸ਼ ਹੋਈਆਂ ਘਟਨਾਵਾਂ ਪਿੱਛੇ ਲੁਕੀ ਮਾਨਸਿਕਤਾ ਦਾ ਅਧਿਐਨ ਕੀਤਾ ਜਾਂਦਾ ਹੈ

### 1.4.3. ਤੁਲਨਾਤਮਿਕ ਵਿਧੀ

ਤੁਲਨਾਤਮਿਕ ਵਿਧੀ ਰਾਹੀਂ ਰਚਨਹਾਰੇ ਦੀ ਕਿਸੇ ਹੋਰਨਾਂ ਰਚਨਹਾਰਿਆਂ ਨਾਲ ਜਾਂ ਉਸ ਦੀਆਂ ਰਚਨਾਵਾਂ ਦੀ ਉਸ ਨਾਲ ਤੁਲਨਾ ਕਰਨ ਲਈ ਵਰਤੀ ਜਾਂਦੀ ਹੈ। ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਦੀ ਤੇ ਬਲਬੀਰ ਮਾਧੋਪੁਰੀ ਦੁਆਰਾ ਰਚੀਆਂ ਰਚਨਾਵਾਂ ਦੀ ਤੁਲਨਾ ਕੀਤੀ ਗਈ ਹੈ।

## 1.5. ਪਰਿਕਲਪਨਾ

ਹਥਲੇ ਖੋਜ ਕਾਰਜ ਨੂੰ ਮੁਕੰਮਲ ਕਰਨ ਲਈ ਕੁੱਝ ਉਦੇਸ਼ ਸਿਰਜੇ ਜਾਂਦੇ ਹਨ ਜਿਨ੍ਹਾਂ ਦੀ ਪੂਰਤੀ ਕਰਨੀ ਲਾਜ਼ਮੀ ਹੁੰਦੀ ਹੈ।

1. ਦਲਿਤ ਵਰਗਾਂ ਦੀਆ ਮੂਲ ਸਮੱਸਿਆਵਾਂ ਦੀ ਪਛਾਣ ਹੋ ਜਾਵੇਗੀ।

2.ਦਲਿਤ ਵਰਗਾਂ ਦੇ ਦਰਪੇਸ਼ ਸਮੱਸਿਆਵਾਂ ਦੇ ਕਾਰਨ ਤਲਾਸ਼ੇ ਜਾਣਗੇ।

3.ਦਲਿਤਾਂ ਦੀਆਂ ਸਮੱਸਿਆਵਾਂ ਦੇ ਸਾਹਿਤ ਵਿੱਚ ਪ੍ਰਾਪਤ ਵੇਰਵਿਆਂ ਦਾ ਮੁਲਾਂਕਣ ਕੀਤਾ ਜਾਵੇਗਾ।

## 1.6. ਵਿਸ਼ੇ ਨਾਲ ਸੰਬੰਧਿਤ ਪੂਰਵ ਖੋਜ ਕਾਰਜ

ਖੋਜ ਅਧੀਨ ਵਿਸ਼ਾ ਇੱਕ ਨਵੀਨ ਵਿਸ਼ਾ ਹੈ, ਕਿਉਂਕਿ ਇਸ ਵਿਸ਼ੇ ਉੱਪਰ ਅੱਜ ਤੱਕ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਤੋਂ ਕੋਈ ਵੀ ਡਿਗਰੀ ਜਾਂ ਉਪਾਧੀ ਨਹੀਂ ਦਿੱਤੀ ਗਈ। ਪੰਜਾਬੀ ਵਿੱਚ ਜੀਵਨੀ ਅਤੇ ਸਵੈ ਜੀਵਨੀ ਨੂੰ ਅਧਾਰ ਬਣਾ ਕੇ ਕਾਫ਼ੀ ਕੰਮ ਹੋ ਚੁੱਕਿਆ ਹੈ। ਪਰ ਇਹ ਵਿਸ਼ਾ ਅਣ ਛੋਹਿਆ ਹੀ ਜਾਪਦਾ ਹੈ। ਪੂਰਵ ਖੋਜ ਕਾਰਜ ਦਾ ਵੇਰਵਾ ਇਸ ਪ੍ਰਕਾਰ ਹੈ।

ਪੀ.ਐੱਚ.ਡੀ. ਦੇ ਪੱਧਰ 'ਤੇ ਹੋਇਆ ਖੋਜ ਕਾਰਜ:-

ਦਾਦਰਾ ਰਮਨ, 2013, ਸੁਰਿੰਦਰ ਕੁਮਾਰ ਦਵੇਸ਼ਵਰ ਦੀ ਨਿਗਰਾਨੀ ਹੇਠ ਆਪਣੇ ਪੀ.ਐੱਚ.ਡੀ. ਦੇ ਖੋਜ ਪ੍ਰਬੰਧ ਵਿੱਚ "ਪੰਜਾਬੀ ਸਵੈ ਜੀਵਨੀ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ" (1988 ਤੋਂ ਬਾਅਦ ਦੀਆਂ ਸਵੈ ਜੀਵਨੀਆਂ ਦੇ ਪ੍ਰਸੰਗ ਵਿੱਚ) ਕੀਤਾ ਹੈ।

ਸਿਕੰਦਰ ਸਿੰਘ, 2009, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਡਾ. ਜਸਵਿੰਦਰ ਸਿੰਘ ਦੀ ਨਿਗਰਾਨੀ ਹੇਠ, ਖੋਜਾਰਥੀ ਨੇ ਆਪਣੇ ਪੀ. ਐੱਚ. ਡੀ. ਦੇ ਖੋਜ ਪ੍ਰਬੰਧ ਵਿੱਚ "ਕਬੀਰ ਕਾਵਿ ਦਲਿਤ ਦ੍ਰਿਸ਼ਟੀ ਦਾ ਕਾਵਿ-ਪ੍ਰਵਚਨ" (ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਚਨਾ ਦੇ ਸੰਦਰਭ ਵਿੱਚ) ਵਿਸ਼ੇ 'ਤੇ ਦਲਿਤ ਪੱਖ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਖੋਜ ਕਾਰਜ ਦੇ ਪਹਿਲੇ ਅਧਿਆਇ ਵਿੱਚ ਦਲਿਤ ਦ੍ਰਿਸ਼ਟੀ ਦਾ ਸਿਧਾਂਤਕ ਪਰਿਪੇਖ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਦਲਿਤ ਦੇ ਜਮਾਤੀ , ਜਾਤੀ ਮੱਤਾਂ ਦਾ ਅੰਤਰ ਨਿਖੇੜਾ ਕੀਤਾ ਗਿਆ ਹੈ। ਦੂਜੇ ਅਧਿਆਇ 'ਭਗਤ ਕਬੀਰ ; ਜੀਵਨੀ ਪ੍ਰਸਥਿਤੀਆਂ' ਵਿੱਚ ਭਗਤ ਕਬੀਰ ਦੇ ਜੀਵਨ, ਪਰਿਵਾਰਕ ਪਿਛੋਕੜ, ਜਾਤ-ਕਿੱਤਾ, ਯਾਤਰਾਵਾਂ ਆਦਿ ਬਾਰੇ ਚਰਚਾ ਕੀਤੀ ਹੈ। ਤੀਜੇ ਅਧਿਆਇ ਵਿੱਚ ਕਬੀਰ ਕਾਵਿ ਅੰਦਰ ਨਿਮਨ ਜਾਤੀਗਤ ਟਕਰਾਅ ਸੰਬੰਧਾਂ ਦਾ ਅਧਿਐਨ ਕੀਤਾ ਹੈ। ਚੌਥੇ ਅਧਿਆਇ ਵਿੱਚ ਹਿੰਦੂ, ਮੁਸਲਿਮ ਅਤੇ ਜੋਗ ਮਤ ਦੇ ਪ੍ਰੇਰਕ ਤੇ ਉਨ੍ਹਾਂ ਦੀਆਂ ਆਪਸੀ ਖਿੱਚੋਤਾਣ ਦੀਆਂ ਕੱਟੜ ਰੁਚੀਆਂ ਨੂੰ ਭਗਤ ਕਬੀਰ ਦੁਆਰਾ ਨਿੰਦਣ ਜਾਂ ਰੱਦਣ ਦੇ ਪ੍ਰਸੰਗ ਵਿੱਚ ਸ਼ਾਮਿਲ ਹਨ ਤੇ ਵਾਧੂ ਦੇ ਕਰਮ-ਕਾਂਡਾਂ ਤੇ ਅਡੰਬਰਾਂ ਨੂੰ ਤਿਆਗਣ ਦਾ ਸੰਦੇਸ਼ ਦਿੱਤਾ ਹੈ। ਪੰਜਵੇਂ ਅਧਿਆਇ ਵਿੱਚ ਦਲਿਤਾਂ

ਨੂੰ ਹਿੰਦੂ, ਇਸਲਾਮ, ਜੋਗ ਨਾਲੋਂ ਅਲੱਗ ਸਮਾਜ ਸਿਰਜਣ ਤੇ ਤਬਦੀਲੀ ਲਿਆਉਣ ਲਈ ਪ੍ਰੇਰਿਤ ਕੀਤਾ ਗਿਆ ਹੈ। ਖੋਜ ਕਾਰਜ ਦੇ ਛੇਵੇਂ ਅਧਿਆਇ ਵਿੱਚ ਕਬੀਰ-ਕਾਵਿ ਦੀ ਕਲਾਤਮਕ ਵਿਸ਼ੇਸ਼ਤਾ ਨੂੰ ਪ੍ਰਗਟਾਉਂਦੇ ਹੋਏ ਭਾਸ਼ਾਈ ਸੰਚਾਰ ਜੁਗਤਾਂ ਦੀ ਗੱਲ ਕੀਤੀ ਹੈ।

ਗੁਰਜੀਤ ਸਿੰਘ, 2007, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਵਸ਼ਿਸ਼ਟ ਓਮ ਪ੍ਰਕਾਸ਼ ਦੀ ਨਿਗਰਾਨੀ ਹੇਠ ਹੋਏ ਇਸ ਖੋਜ ਕਾਰਜ ਵਿਚ ਖੋਜਾਰਥੀ ਨੇ ਪੰਜਾਬੀ ਸਾਹਿਤਕ ਸਵੈ ਜੀਵਨੀ ਦਾ ਆਲੋਚਨਾਤਮਿਕ ਅਧਿਐਨ ਕਰਦਿਆਂ ਸਵੈ ਜੀਵਨੀ ਸਾਹਿਤ ਦਾ ਵਿਸ਼ੇ ਤੇ ਕਲਾ ਪੱਖ ਤੋਂ ਅਧਿਐਨ ਕੀਤਾ ਹੈ।

ਗੁਰਵਿੰਦਰ ਸਿੰਘ, 2006, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਡਾ. ਤਾਰਾ ਸਿੰਘ ਦੀ ਨਿਗਰਾਨੀ ਹੇਠ ਹੋਏ ਇਸ ਖੋਜ ਕਾਰਜ ਵਿਚ ਖੋਜਾਰਥੀ ਨੇ ਆਪਣੇ ਪੀ.ਐੱਚ.ਡੀ. ਦੇ ਖੋਜ ਪ੍ਰਬੰਧ ਵਿੱਚ "ਪੰਜਾਬੀ ਸਵੈ ਜੀਵਨੀ ਦਾ ਬਿਰਤਾਂਤ ਸ਼ਾਸਤਰੀ ਅਧਿਐਨ" ਵਿੱਚ ਪੰਜਾਬੀ ਸਵੈ-ਜੀਵਨੀ ਦੇ ਬਿਰਤਾਂਤ ਸ਼ਾਸਤਰ ਨੂੰ ਪੇਸ਼ ਕੀਤਾ ਹੈ। ਇਸ ਮੰਤਵ ਲਈ ਪੰਜਾਬੀ ਸਵੈ-ਜੀਵਨੀਕਾਰਾਂ ਵਿਚੋਂ ਛੇ ਸਾਹਿਤਕਾਰਾਂ ਦੀਆਂ ਸਵੈ-ਜੀਵਨੀਆਂ ਨੂੰ ਅਧਾਰ ਬਣਾਇਆ ਗਿਆ ਜੋ ਵੱਖ-ਵੱਖ ਸਾਹਿਤਕ ਵਿਧਾਵਾਂ (ਵਾਰਤਕ,ਕਵਿਤਾ, ਨਾਟਕ, ਨਾਵਲ, ਕਹਾਣੀ, ਆਲੋਚਨਾ) ਨਾਲ ਸੰਬੰਧਿਤ ਹਨ, ਜੋ ਕੇ ਇਸ ਤਰ੍ਹਾਂ ਕ੍ਰਮਬੱਧ ਹਨ: ਪ੍ਰਿੰ. ਤੇਜਾ ਸਿੰਘ ਦੀ ਆਰਸੀ, ਅੰਮ੍ਰਿਤਾ ਪ੍ਰੀਤਮ ਦੀ ਰਸੀਦੀ ਟਿਕਟ, ਬਲਵੰਤ ਗਾਰਗੀ ਦੀ ਨੰਗੀ ਧੁੱਪ, ਦਲੀਪ ਕੌਰ ਟਿਵਾਣਾ ਦੀ ਨੰਗੇ ਪੈਰਾਂ ਦਾ ਸਫ਼ਰ, ਅਜੀਤ ਕੌਰ ਦੀ ਖ਼ਾਨਾਬਦੋਸ਼ ਅਤੇ ਹਰਿਭਜਨ ਸਿੰਘ ਦੀ ਚੋਲਾ ਟਾਕੀਆਂ ਵਾਲਾ। ਖੋਜ ਕਾਰਜ ਦੇ ਪਹਿਲੇ ਅਧਿਆਇ ਵਿੱਚ ਬਿਰਤਾਂਤ ਸ਼ਾਸਤਰੀਆਂ ਵੱਲੋਂ ਦਿੱਤੀਆਂ ਪਰਿਭਾਸ਼ਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਇਸ ਦੇ ਨਾਲ ਹੀ ਬਿਰਤਾਂਤ ਦੀ ਸਰਵ ਵਿਆਪਕ ਹੋਂਦ ਤੇ ਬਿਰਤਾਂਤ ਇੱਕ ਪ੍ਰਗਟਾਅ ਵਿਧੀ ਬਾਰੇ ਚਰਚਾ ਕੀਤੀ ਗਈ ਹੈ। ਦੂਜੇ ਅਧਿਆਇ- ਪੰਜਾਬੀ ਸਵੈ-ਜੀਵਨੀ ਸਾਹਿਤ ਦੀ ਹੋਂਦ ਵਿਧੀ ਵਿੱਚ ਪੱਛਮੀ ਵਿਦਵਾਨਾਂ ਤੇ ਪਰਿਭਾਸ਼ਾਵਾਂ ਅਤੇ ਪੰਜਾਬੀ ਸਾਹਿਤ ਦੇ ਪ੍ਰਮੁੱਖ ਚਿੰਤਕਾਂ ਨੇ ਸਵੈ-ਜੀਵਨੀ ਦੀਆਂ ਪਰਿਭਾਸ਼ਾਵਾਂ ਨੂੰ ਸ਼ਾਮਿਲ ਕੀਤਾ ਤੇ ਸਵੈ-ਜੀਵਨੀ ਦੀ ਹੋਰਨਾਂ ਸਾਹਿਤ ਰੂਪਾਂ ਨਾਲੋਂ ਵਿਲੱਖਣਤਾ ਨੂੰ ਦਰਸਾਇਆ ਹੈ। ਤੀਜੇ ਅਧਿਆਇ- ਵਿੱਚ ਉੱਪਰ ਦਰਸਾਈਆਂ ਛੇ ਸਵੈ-ਜੀਵਨੀਆਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ ਵਿਧੀ ਰਾਹੀਂ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਅੰਤ ਵਿੱਚ ਵਿਸ਼ੇ ਨਾਲ ਸੰਬੰਧਿਤ ਸਾਰ ਸਥਾਪਨਾਵਾਂ ਪੇਸ਼ ਕੀਤੀਆਂ ਗਈਆਂ ਹਨ।

ਜਤਿੰਦਰ ਕੌਰ, 2005, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, ਇਸ ਖੋਜ ਕਾਰਜ ਵਿੱਚ ਖੋਜਾਰਥੀ ਨੇ ਪੰਜਾਬੀ ਸਵੈ-ਜੀਵਨੀ ਵਿੱਚ ਨਾਰੀ ਸੰਵੇਦਨਾ, ਵਿਚ ਪੇਸ਼ ਨਾਰੀ ਦੀਆਂ ਭਾਵਨਾਵਾਂ ਇੱਛਾਵਾਂ ਦਾ ਨਾਰੀ ਸੰਵੇਦਨਾ ਦੇ ਸੰਦਰਭ ਵਿਚ ਅਧਿਐਨ ਕੀਤਾ ਹੈ।

ਜਸਵਿੰਦਰ ਸਿੰਘ, 2004, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਡਾ. ਬਲਵਿੰਦਰ ਕੌਰ ਬਰਾੜ ਦੀ ਨਿਗਰਾਨੀ ਹੇਠ ਆਪਣੇ ਪੀ.ਐੱਚ.ਡੀ. ਦੇ ਖੋਜ ਕਾਰਜ ਵਿੱਚ "ਪੰਜਾਬੀ ਸਵੈ ਜੀਵਨੀ ਦਾ ਤੁਲਨਾਤਮਿਕ

ਅਧਿਐਨ" (ਰਸੀਦੀ ਟਿਕਟ, ਨੰਗੇ ਪੈਰਾਂ ਦਾ ਸਫ਼ਰ, ਖ਼ਾਨਾਬਦੋਸ਼, ਕੂੜਾ ਕਰਕਟ, ਪਗਡੰਡੀ ਦੇ ਸੰਦਰਭ ਵਿੱਚ) ਵਿਸ਼ੇ 'ਤੇ ਉਪਰੋਕਤ ਜੀਵਨੀਆਂ ਦਾ ਤੁਲਨਾਤਮਿਕ ਅਧਿਐਨ ਕੀਤਾ ਹੈ, ਜਿਸ ਵਿੱਚ ਇਨ੍ਹਾਂ ਸਵੈ-ਜੀਵਨੀਆਂ ਵਿੱਚ ਆਈਆਂ ਸਮਾਨਤਾਵਾਂ ਤੇ ਵੱਖਰਤਾਵਾਂ ਨੂੰ ਪੇਸ਼ ਕੀਤਾ ਹੈ। ਪਹਿਲਾ ਅਧਿਆਇ- ਤੁਲਨਾਤਮਕ ਅਧਿਐਨ: ਸਿਧਾਂਤਕ ਪਰਿਪੇਖ ਹੈ, ਜਿਸ ਵਿੱਚ ਬਹੁਤ ਸਾਰੇ ਚਿੰਤਕਾਂ ਦੀਆਂ ਪਰਿਭਾਸ਼ਾਵਾਂ ਨੂੰ ਅਧਾਰ ਬਣਾ ਕੇ ਤੁਲਨਾਤਮਿਕ ਸਾਹਿਤ ਅਧਿਐਨ ਵਿਧੀ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਦੂਜਾ ਅਧਿਆਇ- ਸਵੈ-ਜੀਵਨੀ :ਸਿਧਾਂਤਕ ਪਰਿਪੇਖ ਹੈ ਤੇ ਇਸ ਅਧਿਆਇ ਵਿੱਚ ਸਵੈ-ਜੀਵਨੀ ਦੇ ਨਿਕਾਸ ਵਿਕਾਸ ਨੂੰ ਸਿਧਾਂਤਕ ਪੱਖੋਂ ਉਲੀਕਿਆ ਗਿਆ ਹੈ। ਤੀਜਾ ਅਧਿਆਇ -ਰਸੀਦੀ ਟਿਕਟ : ਇੱਕ ਅਧਿਐਨ , ਚੌਥਾ ਅਧਿਆਇ- ਨੰਗੇ ਪੈਰਾਂ ਦਾ ਸਫ਼ਰ : ਇੱਕ ਅਧਿਐਨ, ਪੰਜਵਾਂ ਅਧਿਆਇ- ਖ਼ਾਨਾਬਦੋਸ਼ ਤੇ ਕੂੜਾ ਕਬਾੜਾ : ਇੱਕ ਅਧਿਐਨ, ਛੇਵਾਂ ਅਧਿਆਇ- ਪਗਡੰਡੀਆਂ : ਇੱਕ ਅਧਿਐਨ ਹਨ। ਇਨ੍ਹਾਂ ਵੱਖ-ਵੱਖ ਅਧਿਆਵਾਂ ਵਿੱਚ ਸਵੈ-ਜੀਵਨੀਆਂ ਦੇ ਵੇਰਵੇ, ਸਮਾਜਿਕ ਤੇ ਸਭਿਆਚਾਰਕ ਵਿਵਰਨ ਨੂੰ ਪੇਸ਼ ਕੀਤਾ ਗਿਆ ਹੈ। ਸੱਤਵੇਂ ਅਧਿਆਇ - ਵਿੱਚ ਉਪਰੋਕਤ ਸਵੈ-ਜੀਵਨੀਆਂ ਦਾ ਤੁਲਨਾਤਮਿਕ ਲੇਖਾ ਜੋਖਾ ਕੀਤਾ ਹੈ। ਅੰਤ ਵਿੱਚ ਵਿਸ਼ੇ ਨਾਲ ਸੰਬੰਧਿਤ ਸਾਰ ਤੇ ਸਥਾਪਨਾਵਾਂ ਨੂੰ ਪ੍ਰਸਤੁਤ ਕੀਤਾ ਹੈ।

ਪਰਮਿੰਦਰ ਸਿੰਘ, 2004, ਦਿੱਲੀ ਯੂਨੀਵਰਸਿਟੀ, ਵਿੱਚ ਖੋਜਾਰਥੀ ਨੇ ਇਸ ਖੋਜ ਕਾਰਜ ਵਿੱਚ ਪ੍ਰਸਿੱਧ ਪੰਜਾਬੀ ਇਸਤਰੀ ਲੇਖਕਾਂ ਦੀਆਂ ਸਵੈ-ਜੀਵਨੀਆਂ ਵਿੱਚ ਨਾਰੀ ਦੇ ਜਾਗਰੂਕ ਹੋਣ, ਚੇਤੰਨ ਹੋਣ ਸੰਬੰਧੀ ਨਾਰੀਵਾਦ ਚੇਤਨਾ ਨੂੰ ਆਧਾਰ ਬਣਾ ਕੇ ਖੋਜ ਕੀਤੀ ਗਈ ਹੈ।

ਜਗਦੀਸ਼ ਰਾਏ, 1998, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਵਿੱਚ ਖੋਜਾਰਥੀ ਨੇ 'ਪੰਜਾਬੀ ਸਵੈ-ਜੀਵਨੀ ਸਵੈ ਬਿੰਬ ,ਇਤਿਹਾਸ ਤੇ ਕਲਾਤਮਕਤਾ ਵਿੱਚ ਸਵੈ-ਜੀਵਨੀ ਵਿੱਚ ਪੇਸ਼ ਬਿੰਬ, ਇਤਿਹਾਸ ਤੇ ਕਲਾਤਮਕਤਾ ਦੀ ਪੇਸ਼ਕਾਰੀ ਨੂੰ ਵਿਸਥਾਰ ਸਹਿਤ ਬਿਆਨਿਆਂ ਹੈ।

ਜਗਤਾਰ ਸਿੰਘ ਪੰਜਾਬੀ ਸਵੈ-ਜੀਵਨੀ ਵਿੱਚ ਪੇਸ਼ ਵਿਅਕਤੀਤਵ ਦੀ ਪੇਸ਼ਕਾਰੀ ਦਾ ਅਧਿਐਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਧਰਮ ਚੰਦ(ਵਾਤਿਸ਼) ਨੇ ਪੰਜਾਬੀ ਸਵੈ-ਜੀਵਨੀ ਸਾਹਿਤ ਇੱਕ ਆਲੋਚਨਾਤਮਿਕ ਅਧਿਐਨ ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 1990(ਪ੍ਰਕਾਸ਼ਿਤ ਦੋ ਭਾਗਾਂ ਵਿੱਚ) ਸਵੈ-ਜੀਵਨੀ ਸ਼ਾਸਤਰ ਪੁਨੀਤ ਪਬਲਿਸ਼ਰਜ਼ ਮਲੇਰਕੋਟਲਾ 1999

ਪੰਜਾਬੀ ਸਵੈ-ਜੀਵਨੀ; ਨਿਕਟ ਅਧਿਐਨ, ਪੁਨੀਤ ਪਬਲਿਸ਼ਰਜ਼, ਮਲੇਰਕੋਟਲਾ, 2000

ਸੰਦੀਪ ਰਾਣੀ, 1985, ਡਾ. ਗੁਰਚਰਨ ਸਿੰਘ ਦੀ ਨਿਗਰਾਨੀ ਹੇਠ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੀ.ਐੱਚ.ਡੀ. ਦੇ ਖੋਜ ਪ੍ਰਬੰਧ ਵਿੱਚ "ਪੰਜਾਬੀ ਸਵੈ-ਜੀਵਨੀ ਸਾਹਿਤ ਦਾ ਆਲੋਚਨਾਤਮਿਕ ਅਧਿਐਨ"

ਵਿੱਚ ਸਵੈ-ਜੀਵਨੀ ਦੇ ਥੀਮ ਤੇ ਕਲਾਤਮਕ ਪੱਖਾਂ ਤੇ ਵਿਚਾਰ ਚਰਚਾ ਕੀਤੀ ਹੈ। ਖੋਜ ਦੇ ਪਹਿਲੇ ਅਧਿਆਇ- ਵਿੱਚ ਸਵੈ ਜੀਵਨੀ ਦੀ ਪਰਿਭਾਸ਼ਾ, ਸਰੂਪ,ਤੱਤ ਅਤੇ ਸਵੈ ਜੀਵਨੀ ਦਾ ਰੇਖਾ ਚਿੱਤਰ, ਸੰਸਮਰਣ, ਡਾਇਰੀ, ਦਾ ਅੰਤਰ ਸੰਬੰਧਾਂ ਤੇ ਵਿਰੋਧਾਂ ਨੂੰ ਪ੍ਰਸਤੁਤ ਕੀਤਾ ਹੈ। ਦੂਜੇ ਅਧਿਆਇ- ਵਿੱਚ ਸਵੈ-ਜੀਵਨੀ ਦੀਆਂ ਪ੍ਰਵਿਰਤੀਆਂ, ਕਾਲ ਕ੍ਰਮ ਤੇ ਵਰਤਮਾਨ ਸਥਿਤੀ ਨੂੰ ਪ੍ਰਸਤੁਤ ਕੀਤਾ ਗਿਆ ਹੈ। ਤੀਜੇ ਅਧਿਆਇ- ਵਿੱਚ ਪੰਜਾਬੀ ਸਵੈ-ਜੀਵਨੀ ਸਾਹਿਤ ਦੇ ਥੀਮਕ ਅਧਿਐਨ ਵਿੱਚ ਮੂਲ ਸਮੱਸਿਆ ਦਾ ਵਿਵਹਾਰਿਕ ਅਧਿਐਨ ਕੀਤਾ ਹੈ। ਚੌਥੇ ਅਧਿਆਇ- ਵਿੱਚ ਪੰਜਾਬੀ ਸਵੈ-ਜੀਵਨੀ ਦੇ ਵਿਵਹਾਰਿਕ ਪੱਖ ਨੂੰ ਉਲੀਕਦੇ ਸਵੈ-ਜੀਵਨੀ ਦੀ ਤਕਨੀਕ, ਸ਼ੈਲੀ ਤੇ ਭਾਸ਼ਾ ਦੀਆਂ ਨਿੱਖੜਵੀਂਆਂ ਵਿਸ਼ੇਸ਼ਤਾਵਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਖੋਜ ਕਾਰਜ ਦੇ ਅੰਤ ਵਿੱਚ ਵਿਸ਼ੇ ਨਾਲ ਸੰਬੰਧਿਤ ਸਾਰ ਸੰਸਥਾਪਨਾ ਨੂੰ ਪੇਸ਼ ਕੀਤਾ ਹੈ।

ਵਾਤੀਸ਼ ਵਰਿੰਦਰਜੀਤ, 2002, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਵੇਸ਼ਵਰ ਸੁਰਿੰਦਰ ਕੁਮਾਰ ਦੀ ਨਿਗਰਾਨੀ ਹੇਠ, ਖੋਜਾਰਥੀ ਨੇ ਆਪਣੇ ਪੀ.ਐਚ. ਡੀ. ਦੇ ਖੋਜ ਕਾਰਜ ਵਿੱਚ "ਪੰਜਾਬੀ ਸਵੈ-ਜੀਵਨੀ ਦਾ ਨਾਰੀਵਾਦ ਅਧਿਐਨ ਪੰਜਾਬੀ ਇਸਤਰੀ ਸਵੈ ਜੀਵਨੀਕਾਰ ਦੇ ਵਿਸ਼ੇਸ਼ ਸੰਦਰਭ ਵਿੱਚ ਖੋਜ ਕਾਰਜ ਨਾਰੀਵਾਦ, ਨਾਰੀ ਚੇਤਨਾ, 'ਤੇ ਆਧਾਰਿਤ ਹੈ। ਖੋਜ ਕਾਰਜ ਦਾ ਪਹਿਲਾ ਅਧਿਆਇ- ਵਿੱਚ ਔਰਤ ਨਾਲ ਸੰਬੰਧਿਤ ਸਥਾਨਿਕ ਸੰਦਰਭ ਦੀ ਅਹਿਮੀਅਤ ਬਰਕਰਾਰ ਰੱਖਦੇ ਹੋਏ ਨਾਰੀਵਾਦ ਦਾ ਵਿਗਿਆਨਿਕ ਸਿਧਾਂਤਿਕ ਪਰਿਪੇਖ ਉਸਾਰਨ ਦੀ ਕੋਸ਼ਿਸ਼ ਕੀਤੀ ਹੈ । ਦੂਜੇ ਅਧਿਆਇ ਵਿੱਚ ਦਲੀਪ ਕੌਰ ਟਿਵਾਣਾ ਦੀ ਸਵੈ ਜੀਵਨੀ 'ਨੰਗੇ ਪੈਰਾਂ ਦਾ ਸਫ਼ਰ ' ਤੇ ਬਚਿੰਤ ਕੌਰ ਦੀ ਸਵੈ ਜੀਵਨੀ 'ਪਗਡੰਡੀਆਂ' ਦਾ ਨਾਰੀਵਾਦ ਵਿਸ਼ਲੇਸ਼ਣ, ਮੁਲਾਂਕਣ ਪ੍ਰਸਤੁਤ ਕੀਤਾ ਹੈ। ਤੀਜੇ ਅਧਿਆਇ ਵਿੱਚ ਕੈਲਾਸ਼ ਪੁਰੀ ਦੀ ਸਵੈ-ਜੀਵਨੀ 'ਬਰਿ ਜਾਉ ਲਖ ਬੇਰੀਆਂ' ਅਤੇ ਪ੍ਰਭਜੋਤ ਕੌਰ ਦੀ ਸਵੈ ਜੀਵਨੀ 'ਜੀਣਾ ਵੀ ਇੱਕ ਅਦਾ' ਦਾ ਨਾਰੀਵਾਦ ਅਧਿਐਨ ਕੀਤਾ ਹੈ। ਚੌਥਾ ਅਧਿਆਇ ਵਿੱਚ ਗਰਮ ਲੋਕਤੰਤਰੀ ਉਦਾਰਵਾਦੀ ਪੰਜਾਬੀ ਇਸਤਰੀ ਸਵੈ ਜੀਵਨੀਕਾਰ ਅਧੀਨ ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ' ਸਵੈ ਜੀਵਨੀ ਦਾ ਨਾਰੀਵਾਦ ਅਧਿਐਨ ਪ੍ਰਸਤੁਤ ਕੀਤਾ ਹੈ। ਪੰਜਵੇਂ ਅਧਿਆਇ ਵਿੱਚ ਰੇਡੀਕਲ ਨਾਰੀਵਾਦ ਪੰਜਾਬੀ ਸਵੈ ਜੀਵਨੀਕਾਰ ਅਧੀਨ ਅਜੀਤ ਕੌਰ ਦੀ ਸਵੈ-ਜੀਵਨੀ 'ਖ਼ਾਨਾਬਦੋਸ਼' ਤੇ 'ਕੂੜਾ ਕਬਾੜਾ' ਦਾ ਨਾਰੀਵਾਦ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਗਿਆ ਹੈ।

ਐਮ. ਫਿਲ. ਪੱਧਰ ਦਾ ਖੋਜ -ਕਾਰਜ

ਜਸਬੀਰ ਕੌਰ, 1981, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਡਾ. ਦਲੀਪ ਕੌਰ ਟਿਵਾਣਾ ਦੀ ਨਿਗਰਾਨੀ ਹੇਠ, ਆਪਣੇ ਐੱਮ. ਫਿਲ. ਦੇ ਖੋਜ-ਪ੍ਰਬੰਧ ਵਿੱਚ 'ਗੁਰਬਖ਼ਸ਼ ਸਿੰਘ ਰਚਿਤ ਸਵੈ-ਜੀਵਨੀ ਦਾ ਆਲੋਚਨਾਤਮਿਕ ਅਧਿਐਨ' ਵਿੱਚ ਬਹੁਪੱਖੀ ਸਰਵੇਖਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਹਿਲੇ ਅਧਿਆਇ ਵਿੱਚ ਸਵੈ-ਜੀਵਨੀ ਦੇ ਸਿਧਾਂਤਕ ਨੁਕਤਿਆਂ ਤੋਂ ਸਵੈ-ਜੀਵਨੀ ਦੇ ਸੁਭਾਅ, ਸਰੂਪ, ਤੱਤ ਅਤੇ ਕਲਾ ਨੂੰ ਵਿਚਾਰਿਆ ਗਿਆ ਹੈ ਤੇ ਨਾਲ ਹੀ ਡਾਇਰੀ, ਰੇਖਾ-ਚਿੱਤਰ, ਜੀਵਨੀ, ਸੰਸਮਰਣ ਅਤੇ ਇਤਿਹਾਸ ਤੇ ਨਾਵਲਾਂ ਦੇ ਅੰਤਰ ਸੰਬੰਧਾਂ ਨੂੰ ਦਰਸਾਇਆ ਗਿਆ ਹੈ। ਦੂਜੇ ਅਧਿਆਇ- ਵਿੱਚ ਸਵੈ-ਜੀਵਨੀ ਦੇ ਇਤਿਹਾਸਿਕ ਵਿਕਾਸ ਦਾ ਅਧਿਐਨ ਕੀਤਾ ਗਿਆ। ਤੀਜੇ ਅਧਿਆਇ- ਵਿੱਚ ਸਵੈ-ਜੀਵਨੀ ਦਾ ਵਿਸ਼ੇਗਤ ਅਧਿਐਨ ਕੀਤਾ ਗਿਆ ਹੈ। ਚੌਥੇ ਅਧਿਆਇ -ਵਿੱਚ ਸਵੈ-ਜੀਵਨੀ ਦਾ ਰੂਪਗਤ ਅਧਿਐਨ ਕੀਤਾ ਗਿਆ ਹੈ। ਅੰਤ ਵਿੱਚ ਸਾਰ ਸਥਾਪਨਾਵਾਂ ਪੇਸ਼ ਕੀਤੀਆਂ ਹਨ।

### 1.7.1. ਸਵੈ-ਜੀਵਨੀ : ਸਿਧਾਂਤਕ ਪਰਿਪੇਖ

ਸਵੈ-ਜੀਵਨੀ ਪੰਜਾਬੀ ਸਹਿਤ ਦੀ ਇੱਕ ਪ੍ਰਮੁੱਖ ਵੰਨਗੀ ਹੈ। ਅੰਗਰੇਜ਼ੀ ਵਿੱਚ ਇਸ ਵਿਧਾ ਲਈ 'ਆਟੋਬਾਇਓਗ੍ਰਾਫੀ' ਸ਼ਬਦ ਵਰਤਿਆ ਜਾਂਦਾ ਹੈ । ਸਵੈ-ਜੀਵਨੀ ਸਾਹਿਤ ਦੀ ਇੱਕ ਅਜਿਹੀ ਰਚਨਾ ਹੁੰਦੀ ਹੈ ਜਿਸ ਵਿੱਚ ਰਚਨਾਕਾਰ ਆਪਣੇ ਜੀਵਨ ਬਾਰੇ ਆਪ ਲਿਖਦਾ ਹੈ। ਸਵੈ-ਜੀਵਨੀ ਲੇਖਕ ਦੇ ਜੀਵਨ ਨਾਲ ਸੰਬੰਧਿਤ ਬਿਰਤਾਂਤ ਹੁੰਦਾ ਹੈ, ਜਿਸ ਵਿੱਚ ਵਿਸਥਾਰ ਸਹਿਤ ਪਿਛੋਕੜ ਦੀ ਥਾਂ ਤੇ ਅੰਦਰਲੀ ਮਨੋਦਸ਼ਾ ਅਤੇ ਜੀਵਨ ਦੀ ਮਹਾਨਤਾ ਉੱਤੇ ਬਲ ਦਿੱਤਾ ਜਾਂਦਾ ਹੈ।

ਇਤਿਹਾਸਕ, ਸਮਾਜਕ ਤੇ ਸਭਿਆਚਾਰਕ ਪੱਖਾਂ ਤੋਂ ਜਾਣੂ ਹੋਣ ਲਈ ਪੰਜਾਬੀ ਸਾਹਿਤ ਦੇ ਜਿੱਥੇ ਹੋਰ ਰੂਪ ਵਧੇਰੇ ਕਾਰਜਸ਼ੀਲ ਹੁੰਦੇ ਹਨ, ਉੱਥੇ ਪੰਜਾਬੀ ਸਾਹਿਤ ਦੀ ਸਵੈ-ਜੀਵਨੀ ਵੰਨਗੀ ਵੀ ਆਪਣੀ ਅਹਿਮ ਭੂਮਿਕਾ ਨਿਭਾਉਂਦੀ ਹੈ। ਸਵੈ-ਜੀਵਨੀ ਦੁਆਰਾ ਲੇਖਕ ਉਨ੍ਹਾਂ ਘਟਨਾਵਾਂ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕਰਦਾ ਹੈ, ਜਿਸ ਤੋਂ ਉਹ ਖ਼ੁਦ ਪ੍ਰਭਾਵਿਤ ਹੋਇਆ ਹੁੰਦਾ ਹੈ। ਡਾ. ਮਹਿੰਦਰ ਪਾਲ  ਕੋਹਲੀ ਅਨੁਸਾਰ, ਆਤਮ ਕਥਾ ਲੇਖਕ ਦੇ ਜੀਵਨ ਦਾ ਕ੍ਰਮਬੱਧ ਬਿਰਤਾਂਤ ਹੈ, ਜਿਸ ਵਿੱਚ ਉਸ ਦੇ ਆਤਮ ਚਿੰਤਨ ਜਾਂ ਜ਼ਿੰਦਗੀ ਦੀ ਵਿਸ਼ਾਲ ਪਿੱਠ-ਭੂਮੀ ਵਿੱਚ ਉਸ ਦੀ ਹੋਂਦ ਦੀ ਵਿਸ਼ੇਸ਼ਤਾ ਅਤੇ ਮਹਾਨਤਾ ਅੰਕਿਤ ਹੁੰਦੀ ਹੈ ।

ਕੋਈ ਉੱਘਾ ਵਿਦਵਾਨ, ਸਾਹਿਤਕਾਰ, ਰਾਜਨੇਤਾ, ਫ਼ਿਲਾਸਫ਼ਰ ਆਦਿ ਉੱਚੀਆਂ ਸ਼ਖ਼ਸੀਅਤਾਂ ਜਿਨ੍ਹਾਂ ਨੇ ਜ਼ਿੰਦਗੀ ਵਿੱਚ ਕਈ ਘਾਲਾਂ ਘਾਲ ਕੇ ਆਪਣੀ ਮੰਜ਼ਿਲ ਨੂੰ ਪਾਇਆ ਹੁੰਦਾ ਹੈ, ਉਹ ਹੀ ਆਪਣੀ ਸਵੈ-ਜੀਵਨੀ ਲਿਖਦੇ ਹਨ । ਸਵੈ-ਜੀਵਨੀ ਲਿਖਣ ਦਾ ਮਨੋਰਥ, ਜਿੱਥੇ ਰਚਨਹਾਰੇ ਦੇ ਜੀਵਨ ਦੀ ਅਸਲ ਸਚਾਈ ਤੋਂ ਜਾਣੂ ਕਰਵਾਉਣਾ ਹੁੰਦਾ

ਹੈ, ਉੱਥੇ ਨਾਲ ਹੀ ਇਸ ਦਾ ਮਨੋਰਥ ਜਨ-ਸਧਾਰਨ ਨੂੰ ਪ੍ਰੇਰਨਾ ਦੇਣਾ ਤੇ ਜ਼ਿੰਦਗੀ ਵਿੱਚ ਕੁੱਝ ਹਾਸਿਲ ਕਰਨ ਦੀ ਹਿੰਮਤ ਬਖ਼ਸ਼ਣਾ ਹੁੰਦਾ ਹੈ। ਹਰ ਇੱਕ ਵਿਅਕਤੀ ਕਿਸੇ ਨਾ ਕਿਸੇ ਮਹਾਨ ਵਿਅਕਤੀ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਉਸ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਸ ਵਰਗਾਂ ਬਣਨ ਦਾ ਯਤਨ ਕਰਦਾ ਹੈ।

ਸੱਚ ਦੀ ਭਾਲ ਮਨੁੱਖੀ ਹੋਂਦ ਦਾ ਅਨਿੱਖੜਵਾਂ ਪੱਖ ਹੈ। ਸੱਚ ਦੇ ਨਾਲ-ਨਾਲ ਸ਼ੰਕਾ ਦਾ ਸਾਥ ਵੀ ਨਾਲ ਹੀ ਰਹਿੰਦਾ ਹੈ। ਇੱਕ ਚੰਗੇ ਸਵੈ-ਜੀਵਨੀ ਵਿੱਚ ਜੀਵਨ ਦੇ ਸੱਚ ਨੂੰ ਤਰਕ ਦੀ ਕਸੌਟੀ ਤੇ ਪਰਖ ਕੇ ਪਾਠਕਾਂ ਦੇ ਸਨਮੁੱਖ ਰੱਖਦਾ ਹੈ।

ਸਵੈ-ਜੀਵਨੀ ਦਾ ਉਦੇਸ਼ ਸਮਾਜਿਕ ਹੈ। ਲੇਖਕ ਆਪਣੇ ਜੀਵਨ ਤਜਰਬੇ ਨੂੰ ਦੂਜਿਆਂ ਨਾਲ ਸਾਂਝੇ ਕਰਦਾ ਹੈ।[1] ਲੇਖਕ ਨੇ ਆਪਣੀ ਜੀਵਨੀ ਵਿੱਚ ਕੀਤੇ ਸੰਘਰਸ਼ ਨੂੰ ਹੋਰਨਾਂ ਤੱਕ ਪਹੁੰਚਾਉਣ ਲਈ ਸਵੈ-ਜੀਵਨੀ ਦਾ ਮਾਰਗ ਤੈਅ ਕਰਦਾ ਹੈ। ਕੁਦਰਤੀ ਪ੍ਰਸਥਿਤੀਆਂ ਕਾਰਨ ਸੰਸਾਰ ਦਾ ਹਰ ਇੱਕ ਮਨੁੱਖ ਦੂਜੇ ਮਨੁੱਖ ਤੋਂ ਭਿੰਨ ਹੁੰਦਾ ਹੈ। ਆਦਤਾਂ, ਸੋਚਣੀ, ਸ਼ਕਲ, ਸੂਰਤ ਤੇ ਪੱਖੋਂ ਵੀ ਬਹੁਤ ਸਾਰੀਆਂ ਵੱਖਰਤਾਵਾਂ ਹੁੰਦੀਆਂ ਹਨ। ਇਸ ਲਈ ਜਦੋਂ ਲੇਖਕ ਆਪਣੀ ਜ਼ਿੰਦਗੀ ਦੇ ਅਨੁਭਵ ਨੂੰ ਬਿਆਨ ਕਰਦਾ ਹੈ ਤਾਂ ਪਾਠਕਾਂ ਨੂੰ ਲੇਖਕ ਦੀ ਜ਼ਿੰਦਗੀ ਦੇ ਅਨੁਭਵ ਤੋਂ ਵੀ ਪ੍ਰੇਰਨਾ ਮਿਲਦੀ ਹੈ। ਸਵੈ-ਜੀਵਨੀ ਦਾ ਮੰਤਵ ਜਿੱਥੇ ਲੇਖਕ ਦੀ ਜੀਵਨੀ ਗਾਥਾ ਨੂੰ ਬਿਆਨ ਕਰਨਾ ਜਾਂ ਉਸ ਦੇ ਜ਼ਿੰਦਗੀ ਵਿੱਚ ਸੰਘਰਸ਼ ਨੂੰ ਪੇਸ਼ ਕਰਨਾ ਹੈ ਉੱਥੇ ਨਾਲ ਹੀ ਜਨ ਸਧਾਰਨ ਨੂੰ ਇੱਕ ਦਿਸ਼ਾ ਪ੍ਰਦਾਨ ਕਰਨਾ ਵੀ ਹੈ। ਮੁਸ਼ਕਿਲਾਂ ਤੋਂ ਅੱਕ ਚੁੱਕੇ ਇਨਸਾਨਾਂ ਨੂੰ ਸਵੈ-ਜੀਵਨੀ ਦੁਆਰਾਂ ਇੱਕ ਪ੍ਰੇਰਨਾ ਮਿਲਦੀ ਹੈ ਜਿਸ ਨਾਲ ਉਨ੍ਹਾਂ ਵਿੱਚ ਔਕੜਾਂ ਦਾ ਸਾਹਮਣਾ ਕਰਨ ਦੀ ਹਿੰਮਤ ਤੇ ਦਲੇਰੀ ਆ ਜਾਂਦੀ ਹੈ। ਕੋਈ ਵੀ ਇਨਸਾਨ ਵੱਡੀ ਤੋਂ ਵੱਡੀ ਮੰਜ਼ਿਲ ਨੂੰ ਪਾਉਣ ਲਈ ਘੋਰ ਸੰਘਰਸ਼ ਵਿਚੋਂ ਨਿਕਲਦਾ ਹੈ। ਉਸ ਵੱਲੋਂ ਕੀਤਾ ਸੰਘਰਸ਼ ਦੂਜਿਆਂ ਲਈ ਪ੍ਰੇਰਨਾ ਬਣਦਾ ਹੈ। ਸਵੈ-ਜੀਵਨੀ ਦਾ ਮੁੱਖ ਮਨੋਰਥ ਵੀ ਜਨ- ਸਧਾਰਨ ਨੂੰ ਹਿੰਮਤ, ਦਲੇਰੀ ਤੇ ਚੰਗਾ ਮਾਰਗ ਦਿਖਾਉਣਾ ਹੈ। ਸਵੈ-ਜੀਵਨੀ ਲੇਖਕ ਦੇ ਜੀਵਨੀ ਬਿਉਰੇ ਨੂੰ ਤਾਂ ਪਾਠਕ ਸਾਹਮਣੇ ਧਰਦੀ ਹੀ ਹੈ ਤੇ ਨਾਲ ਦੀ ਨਾਲ ਉਨ੍ਹਾਂ ਪਾਠਕਾਂ ਨੂੰ ਵੀ ਜ਼ਿੰਦਗੀ ਵਿੱਚ ਸੰਘਰਸ਼ ਕਰਨ ਪ੍ਰਤੀ ਪ੍ਰੇਰਨਾ ਵੀ ਦਿੰਦੀ ਹੈ।

ਸਵੈ-ਜੀਵਨੀ ਦੇ ਰੂਪ ਅਤੇ ਸੰਰਚਨਾ ਦੀ ਜੇ ਗੱਲ ਕਰਦਿਆਂ ਸਭ ਤੋਂ ਪਹਿਲਾ ਸਾਡਾ ਧਿਆਨ ਸਵੈ-ਜੀਵਨੀ ਦੇ ਨਾਇਕ ਵੱਲ ਜਾਂਦਾ ਹੈ। ਸਵੈ-ਜੀਵਨੀ ਦਾ ਨਾਇਕ ਖ਼ੁਦ ਲੇਖਕ ਆਪ ਹੁੰਦਾ ਹੈ ਜਿਸ ਨੇ ਆਪਣੇ ਜੀਵਨ ਦੀ ਗਾਥਾ ਨੂੰ ਕਲਮਬੱਧ ਕਰਨਾ ਹੁੰਦਾ ਹੈ। ਲੇਖਕ ਸਵੈ-ਜੀਵਨੀ ਵਿੱਚ ਇੱਕ ਨਾਇਕ ਬਣ ਕੇ ਉੱਤਰਦਾ ਹੈ ਤੇ ਆਪਣੇ ਜੀਵਨ ਦੀਆਂ ਘਟਨਾਵਾਂ ਦੀ ਸੱਚੀ ਪੇਸ਼ਕਾਰੀ ਕਰਦਾ ਹੈ। ਸਵੈ-ਜੀਵਨੀ ਵਿੱਚ ਜਿੱਥੇ ਨਾਇਕ ਆਪਣੇ ਤਜਰਬਿਆਂ ਨੂੰ

ਬਿਆਨ ਦਾ ਹੈ ਉੱਥੇ ਉਸ ਨਾਲ ਜੁੜੇ ਵਿਭਿੰਨ ਰਿਸ਼ਤਿਆਂ ਦਾ ਰੇਖਾ ਚਿੱਤਰ ਵੀ ਉਲੀਕਦਾ ਹੈ। ਲੇਖਕ ਆਪਣੀ ਸਵੈ-ਜੀਵਨੀ ਨੂੰ ਰੋਚਕਤਾ ਭਰਪੂਰ ਬਣਾਉਣ ਤੇ ਨੀਰਸਤਾ ਤੋਂ ਬਚਾਉਣ ਲਈ ਘਟਨਾਵਾਂ ਦੀ ਕਲਾਤਮਿਕਤਾ ਨਾਲ ਪੇਸ਼ਕਾਰੀ ਕਰਦਾ ਹੈ ਤਾਂ ਜੋ ਪਾਠਕਾਂ ਨੂੰ ਉਸ ਵਿੱਚ ਸੇਧ ਵੀ ਮਿਲੇ ਤੇ ਅਨੰਦ ਵੀ।ਮੱਧਕਾਲ ਵਿੱਚ ਸਵੈ-ਜੀਵਨੀ ਦੀ ਵਿਧਾ ਨਾਲ ਮੇਲ ਖਾਂਦੀ ਵਿਧਾ ਸਾਖੀਆਂ ਵਿੱਚ ਸਾਖੀ ਦਾ ਨਾਇਕ ਮਹਾਨ ਪੇਸ਼ ਕੀਤਾ ਜਾਂਦਾ ਹੈ। ਪਰ ਆਧੁਨਿਕ ਕਾਲ ਵਿੱਚ ਇਹ ਧਾਰਨਾਵਾਂ ਉਲਟ ਹਨ। ਮੁੱਖ ਪਾਤਰ ਨਾਇਕ ਵਰਗੀ ਹਸਤੀ ਨਾ ਰਹਿ ਕੇ ਸਧਾਰਨ ਜੀਵਨ ਜੀਉਂਣ ਵਾਲਾ ਵਿਅਕਤੀ ਹੋ ਗਿਆ ਹੈ।[2] ਲੇਖਕ ਆਪਣੀ ਜ਼ਿੰਦਗੀ ਦੀਆਂ ਅਨੇਕਾਂ ਘਟਨਾਵਾਂ ਵਿਚ ਕੁਝ ਚੋਣਵੀਆਂ ਘਟਨਾਵਾਂ ਨੂੰ ਸਵੈ-ਜੀਵਨੀ ਵਿੱਚ ਪੇਸ਼ ਕਰਨ ਲਈ ਚੁਣਦਾ ਹੈ। ਜਿਸ ਵਿੱਚ ਉਸ ਦਾ ਨਿੱਜ ਝਲਕਦਾ ਹੈ।

## 1.7.2 ਪੰਜਾਬੀ ਸਵੈ ਜੀਵਨੀ ਦਾ ਇਤਿਹਾਸ

ਪੰਜਾਬੀ ਸਵੈ-ਜੀਵਨੀ ਦੀ ਸ਼ੁਰੂਆਤ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਬਚਿੱਤਰ ਨਾਟਕ ਤੋਂ ਦਰਸਾਈ ਜਾਂਦੀ ਹੈ। ਇਸ ਨਾਟਕ ਵਿੱਚ ਪ੍ਰਮਾਣਿਤ ਸਵੈ-ਜੀਵਨੀ ਦੇ ਸਾਰੇ ਤੱਤ ਸ਼ਾਸਕ ਹਨ। ਗਿਆਨੀ ਦਿੱਤ ਸਿੰਘ ਦੀ ਰਚਨਾ 'ਪੰਡਤ ਦਯਾ ਨੰਦ ਨਾਲ ਮੇਰਾ ਸੰਵਾਦ' ਵੀ ਸਵੈ-ਜੀਵਨੀ ਮੂਲਕ ਰਚਨਾ ਹੈ। ਸਹੀ ਅਰਥਾਂ ਵਿੱਚ ਸਵੈ-ਜੀਵਨੀ ਦੀ ਸ਼ੁਰੂਆਤ 20ਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿੱਚ ਹੋਈ। ਇਸ ਕਾਲ ਦੇ ਲੇਖਕਾਂ ਨੇ ਆਪਣੇ ਜੀਵਨ ਬਿਰਤਾਂਤ ਪੇਸ਼ ਕਰਨ ਲਈ ਸਵੈ-ਜੀਵਨੀਆਂ ਲਿਖਣੀਆਂ ਸ਼ੁਰੂ ਕੀਤੀਆਂ।

ਵਾਸਤਵ ਵਿੱਚ ਪੁਰਾਤਨ ਭਾਰਤੀ ਅਤੇ ਸੰਤ ਗਾਥਾ ਵਾਂਗ ਸਾਖੀਆਂ, ਜਨਮ ਸਾਖੀਆਂ, ਪਰਚੀਆਂ ਅਤੇ ਗੋਸ਼ਟਾਂ ਆਦਿ ਵਿਸ਼ੇਸ਼ ਲੱਛਣ ਅਵਤਾਰਾਂ ਜਾਂ ਮਹਾਂਪੁਰਸ਼ਾਂ ਸੰਬੰਧੀ ਵਿਸ਼ੇਸ਼ ਜਾਣਕਾਰੀ ਦੇਣੀ ਅਤੇ ਉਨ੍ਹਾਂ ਦੇ ਜੀਵਨ ਅਤੇ ਸਿੱਖਿਆ ਤੋਂ ਵਿਸ਼ੇਸ਼ ਲਾਭ ਪ੍ਰਾਪਤ ਕਰਨਾ ਸੀ।[3] ਜੀਵਨੀ ਲਿਖਣ ਦੀ ਪਰੰਪਰਾ ਮੱਧਕਾਲ ਵਿੱਚ ਹੀ ਸ਼ੁਰੂ ਹੋ ਗਈ ਸੀ ਪਰ ਉਸ ਸਮੇਂ ਜੀਵਨੀ ਨੂੰ ਸਾਖੀ, ਜਨਮ ਸਾਖੀ, ਗੋਸ਼ਟ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਸੀ। ਮੱਧਕਾਲ ਦੀ ਇਹ ਵਿਧਾ ਆਧੁਨਿਕ ਕਾਲ ਵਿੱਚ ਜੀਵਨੀ ਨਾਂ ਨਾਲ ਪ੍ਰਚਲਿਤ ਹੋਈ। ਜੀਵਨੀ ਸਾਹਿਤ ਦਾ ਮੁੱਖ ਉਦੇਸ਼ ਪਾਠਕਾਂ ਨੂੰ ਪ੍ਰੇਰਨਾ ਦੇਣਾ ਤੇ ਇੱਕ ਚੰਗੀ ਦਿਸ਼ਾ ਪ੍ਰਦਾਨ ਕਰਨਾ ਹੁੰਦਾ ਹੈ ਜਿੱਥੇ ਜੀਵਨੀ ਕਿਸੇ ਪੁਰਸ਼ ਦੀ ਕਾਮਯਾਬੀ ਤੇ ਸੰਘਰਸ਼ ਦਾ ਚਿੱਠਾ ਸਾਡੇ ਸਾਹਮਣੇ ਧਰਦੀ ਹੈ ਉੱਥੇ ਇਹ ਪਾਠਕਾਂ ਨੂੰ ਸਾਕਾਰਾਤਮਕ ਰਵੱਈਆ ਅਪਣਾਉਣ ਤੇ ਜ਼ਿੰਦਗੀ ਵਿੱਚ ਨਿਰੰਤਰ ਸੰਘਰਸ਼ ਕਰਨ ਪ੍ਰਤੀ ਪ੍ਰੇਰਨਾ ਦਿੰਦੀ ਹੈ। ਇਸ ਤਰ੍ਹਾਂ ਮਨੁੱਖ ਨੂੰ ਮਹਾਂਪੁਰਸ਼ਾਂ ਦੇ ਉਪਦੇਸ਼ ਵੀ ਇਸੇ ਕਰ ਕੇ ਪ੍ਰਦਾਨ ਹੁੰਦੇ ਹਨ ਤਾਂ ਕਿ ਉਹ ਮਹਾਂਪੁਰਸ਼ਾਂ ਦੇ ਜੀਵਨ ਤੋਂ ਸੇਧ ਲੈ ਆਪਣੀ ਜ਼ਿੰਦਗੀ ਨੂੰ ਹੋਰ ਵੀ ਬਿਹਤਰ ਬਣਾ ਸਕਣ। ਪਰ ਅਜੋਕਾ ਦੌਰ ਪੂੰਜੀਵਾਦੀ ਦੌਰ ਹੈ। ਮਨੁੱਖ ਦਾ ਸਭ ਤੋਂ ਪਹਿਲਾ ਤੇ

ਖ਼ਤਰਨਾਕ ਹਥਿਆਰ ਪੂੰਜੀ ਹੀ ਹੈ। ਮਨੁੱਖ ਪੂੰਜੀ ਦੀ ਦੋੜ ਪਿੱਛੇ ਕਈ ਪ੍ਰਕਾਰ ਦੀਆਂ ਘਾਲਾਂ ਘਾਲਦਾ ਹੈ, ਔਕੜਾਂ ਦਾ ਡਟ ਕੇ ਮੁਕਾਬਲਾ ਕਰਦਾ ਹੈ ਤੇ ਮਿਥੀ ਹੋਈ ਦਿਸ਼ਾ ਵੱਲ ਨਿਰੰਤਰ ਵਧਦਾ ਰਹਿੰਦਾ ਹੈ ਜਿਸ ਕਾਰਨ ਸਫਲਤਾ ਉਸ ਦੇ ਕਦਮ ਚੁੰਮਦੀ ਹੈ। ਸਮਾਜ ਵਿੱਚ ਕੁੱਝ ਅਜਿਹੇ ਲੋਕ ਵੀ ਹੁੰਦੇ ਹਨ ਜੋ ਮੁਸ਼ਕਿਲ ਨੂੰ ਦੇਖ ਕੇ ਹੌਸਲਾ ਛੱਡ ਦਿੰਦੇ ਅਜਿਹੇ ਲੋਕਾਂ ਨੂੰ ਪ੍ਰੇਰਨਾ ਦੇਣ ਲਈ ਤੇ ਜ਼ਿੰਦਗੀ ਵਿੱਚ ਕੁੱਝ ਕਰ ਸਕਣ ਦੀ ਹਿੰਮਤ ਤੇ ਦਲੇਰੀ ਭਰਨ ਲਈ ਸਵੈ-ਜੀਵਨੀ ਸਾਹਿਤ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਪੰਜਾਬੀ ਵਿੱਚ ਜੀਵਨੀ ਸਾਹਿਤ ਨੂੰ ਬਹੁਤ ਦੇਰ ਬਾਅਦ ਅਪਣਾਇਆ ਗਿਆ। ਇਸ ਦਾ ਪਹਿਲੇ ਰੂਪ ਜਨਮ-ਸਾਖੀ, ਸਾਖੀ, ਗੋਸ਼ਟ ਆਦਿ ਸਨ।

ਜੀਵਨੀ 20ਵੀਂ ਸਦੀ ਦੀ ਉਪਜ ਹੈ ਤੇ ਇਸ ਦਾ ਪਿਤਾ ਹੋਰ ਆਧੁਨਿਕ ਸਾਹਿਤ ਰੂਪਾਂ ਵਾਂਗ ਭਾਈ ਵੀਰ ਸਿੰਘ ਨੂੰ ਮੰਨਿਆ ਜਾਂਦਾ ਹੈ।[4] ਭਾਈ ਵੀਰ ਸਿੰਘ ਨੇ ਸ੍ਰੀ ਕਲਗ਼ੀਧਰ ਚਮਤਕਾਰ (1925), ਪੁਰਾਤਨ ਜਨਮ-ਸਾਖੀ (1926), ਸ੍ਰੀ ਗੁਰੂ ਨਾਨਕ ਚਮਤਕਾਰ (1928), ਭਾਈ ਝੰਡਾ ਜੀਓ (1933), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਲਾਸ ਸਾਖੀਆਂ (1955) ਆਦਿ ਸਿੱਖ ਧਰਮ ਨਾਲ ਸੰਬੰਧਿਤ ਜੀਵਨੀਆਂ ਲਿਖੀਆਂ। ਭਾਈ ਵੀਰ ਸਿੰਘ ਤੋਂ ਬਾਅਦ ਬਹੁਤ ਸਾਰੇ ਸਾਹਿਤਕਾਰਾਂ ਨੇ ਸਵੈ-ਜੀਵਨੀ ਸਾਹਿਤ ਦੇ ਖੇਤਰ ਨੂੰ ਵਿਸ਼ਾਲ ਕੀਤਾ। ਜਿਨ੍ਹਾਂ ਵਿਚੋਂ ਗਿਆਨੀ ਤਰਲੋਕ ਸਿੰਘ, ਸੋਹਣ ਸਿੰਘ ਸੀਤਲ, ਡਾ. ਗੰਡਾ ਸਿੰਘ ਆਦਿ ਦਾ ਨਾਮ ਲਿਆ ਜਾ ਸਕਦਾ ਹੈ।

ਸਵੈ-ਜੀਵਨੀ ਵੀ ਜੀਵਨੀ ਸਾਹਿਤ ਦੇ ਘੇਰੇ ਵਿੱਚ ਆਉਣ ਵਾਲੀ ਸਾਹਿਤਕ ਵਿਧਾ ਹੈ। ਜੀਵਨੀ ਸਾਹਿਤ ਨੂੰ ਜਿੱਥੇ ਕੋਈ ਸਾਹਿਤਕਾਰ ਕਿਸੇ ਵਿਅਕਤੀ ਤੋਂ ਪ੍ਰਭਾਵਿਤ ਹੋ ਕੇ ਉਸ ਬਾਰੇ ਲਿਖਦਾ ਹੈ। ਉੱਥੇ ਸਵੈ-ਜੀਵਨੀ ਸਾਹਿਤ ਵਿੱਚ ਕੋਈ ਉੱਘਾ ਵਿਅਕਤੀ, ਜ਼ਿੰਦਗੀ ਵਿੱਚ ਘੋਰ ਸੰਘਰਸ਼ ਕਰਨ ਤੋਂ ਬਾਅਦ ਮੰਜ਼ਿਲ ਨੂੰ ਪਾਉਣ ਵਾਲਾ ਵਿਅਕਤੀ, ਖ਼ੁਦ ਆਪ ਆਪਣੇ ਜੀਵਨ ਦੀਆਂ ਅਸਲ ਘਟਨਾਵਾਂ ਦੀ ਸੱਚੀ ਪੇਸ਼ਕਾਰੀ ਕਰਦਾ ਹੈ।ਤੇਜਾ ਸਿੰਘ ਦੀ 'ਆਰਸੀ', ਨਾਨਕ ਸਿੰਘ ਦੀ 'ਮੇਰੀ ਦੁਨੀਆ', ਗੁਰਬਖ਼ਸ਼ ਸਿੰਘ ਦੀ 'ਮੇਰੀ ਜੀਵਨ ਕਹਾਣੀ' ਅਤੇ ਮੰਜ਼ਲ ਦਿਸ ਪਈ, ਬਲਰਾਜ ਸਾਹਨੀ ਦੀ 'ਗੈਰ ਜਜ਼ਬਾਤੀ ਡਾਇਰੀ' ਦੀ ਪਰੰਪਰਾ ਹੁਣ ਅੱਗੇ ਵੱਧ ਕੇ ਬਹੁਤ ਸੁੰਦਰ ਰੂਪ ਧਾਰਦੀ ਹੈ।[5] ਇਸ ਤੋਂ ਇਲਾਵਾ ਅੰਮ੍ਰਿਤਾ ਪ੍ਰੀਤਮ ਦੀ ਰਸੀਦੀ ਟਿਕਟ, ਦਲੀਪ ਕੌਰ ਟਿਵਾਣਾ ਦੀ ਨੰਗੇ ਪੈਰਾਂ ਦਾ ਸਫ਼ਰ, ਅਜੀਤ ਕੌਰ ਟਿਵਾਣਾ ਦੀ ਖ਼ਾਨਾਬਦੋਸ਼, ਬਲਵੰਤ ਗਾਰਗੀ ਦੀ ਨੰਗੀ ਧੁੱਪ, ਆਦਿ ਸਵੈ-ਜੀਵਨੀਆਂ ਦਾ ਨਾਂ ਵਰਣਨ ਯੋਗ ਹੈ।

ਉਪਰੋਕਤ ਸਾਰੀਆਂ ਪਰੰਪਰਾਵਾਂ ਨਾਲ ਸੰਬੰਧਿਤ ਢੇਰ ਸਾਰੀਆਂ ਰਾਸ਼ਟਰ-ਭਗਤਾਂ, ਦੇਸ਼-ਭਗਤਾਂ, ਸੰਤਾਂ-ਫ਼ਕੀਰਾਂ, ਭਗਤਾਂ ਗੁਰੂਆਂ, ਧਾਰਮਿਕ-ਸਭਿਆਚਾਰਕ ਆਗੂਆਂ, ਸਾਹਿਤਕਾਰ, ਕਲਾਕਾਰ, ਰਾਜ ਨਾਇਕਾਂ, ਦੀਆਂ ਜੀਵਨੀਆਂ ਦਾ ਪੰਜਾਬੀ ਵਿੱਚ ਉਲੱਥਾ ਹੋਇਆ ਹੈ।[6]

## Balbir Madhopuri Rachit Svejivni 'Changia Rukh' vich pesh Dalit Drishty da Adhyan

ਸਵੈ-ਜੀਵਨੀ ਦੇ ਪਹਿਲੇ ਰਚੇਤਾ ਪ੍ਰੋ. ਪੂਰਨ ਸਿੰਘ ਹਨ। ਉਨ੍ਹਾਂ ਨੇ 'ਜ਼ਿੰਦਗੀ ਦੇ ਰਾਹਾਂ' ਨਾਂ ਦੀ ਸਵੈ-ਜੀਵਨੀ ਲਿਖੀ ਜੋ ਕਿ ਅੰਗਰੇਜ਼ੀ ਵਿੱਚ ਹੈ। ਇਸ ਦਾ ਨਾਂ On Paths of Life ਹੈ। ਪ੍ਰੋ. ਪੂਰਨ ਸਿੰਘ ਨੇ ਮੂਲ ਰੂਪ ਵਿੱਚ ਇਹ ਸਵੈ-ਜੀਵਨੀ ਅੰਗਰੇਜ਼ੀ ਵਿੱਚ ਹੀ ਲਿਖੀ ਸੀ। ਪੰਜਾਬੀ ਵਿੱਚ ਇਸ ਦਾ ਅਨੁਵਾਦ ਪੰਜਾਬੀ ਗੱਦਕਾਰ ਸ.ਗੁਰਬਖ਼ਸ਼ ਸਿੰਘ ਨੇ ਕੀਤਾ। ਪ੍ਰੋ. ਪੂਰਨ ਸਿੰਘ ਨੇ ਆਪਣੀ ਇਸ ਸਵੈ-ਜੀਵਨੀ ਵਿੱਚ ਆਪਣਾ ਜੀਵਨ ਅਨੁਭਵ ਤੇ ਸਾਹਿਤਕ ਸਫ਼ਰ ਬਾਰੇ ਬੜੇ ਹੀ ਮੂਲਵਾਨ ਵੇਰਵੇ ਪੇਸ਼ ਕੀਤੇ ਹਨ। ਪ੍ਰੋ. ਪੂਰਨ ਸਿੰਘ ਨੂੰ ਖੁੱਲ੍ਹੀ ਕਵਿਤਾ ਕਾਰਨ ਵਧੇਰੇ ਜਾਣਿਆ ਜਾਂਦਾ ਹੈ ਕਿਉਂਕਿ ਪੰਜਾਬੀ ਵਿੱਚ ਖੁੱਲ੍ਹੀ ਕਵਿਤਾ ਲਿਖਣ ਦੀ ਪਿਰਤ ਪ੍ਰੋ.ਪੂਰਨ ਸਿੰਘ ਨੇ ਹੀ ਪਾਈ ਇਸ ਤੋਂ ਇਲਾਵਾ ਜੀਵਨੀ ਅਤੇ ਸਵੈ-ਜੀਵਨੀ ਵਿੱਚ ਅੰਗਰੇਜ਼ੀ ਵਿੱਚ ਲਿਖੀ ਜਿਸ ਦਾ ਹੁਣ ਪੰਜਾਬੀ ਵਿਚ ਤਰਜ਼ ਨਾਮਾ ਕੀਤਾ ਗਿਆ। ਪ੍ਰੋ. ਪੂਰਨ ਸਿੰਘ ਦੀ ਜ਼ਿੰਦਗੀ ਵਿੱਚ ਸਵਾਮੀ ਰਾਮ ਤੀਰਥ ਤੇ ਭਾਈ ਵੀਰ ਸਿੰਘ ਦਾ ਪ੍ਰਭਾਵ ਕਬੂਲਿਆ। ਜਪਾਨ ਵਿੱਚ ਪ੍ਰੋ: ਪੂਰਨ ਸਿੰਘ ਨੇ ਸਵਾਮੀ ਰਾਮ ਤੀਰਥ ਦੀ ਸ਼ਰਨ ਲਈ ਜਿਸ ਦੇ ਪ੍ਰਭਾਵ ਸਦਕਾ 'ਦ ਲਾਈਫ਼ ਆਫ਼ ਸਵਾਮੀ ਰਾਮ ਤੀਰਥ' ਨਾਮਕ ਜੀਵਨੀ ਲਿਖੀ 1912 ਈ. ਵਿੱਚ ਭਾਈ ਵੀਰ ਸਿੰਘ ਨਾਲ ਹੋਈ ਮੁਲਾਕਾਤ ਦਾ ਪ੍ਰਭਾਵ ਵੀ ਪ੍ਰੋ. ਪੂਰਨ ਸਿੰਘ 'ਤੇ ਪਿਆ ਜਿਸ ਕਾਰਨ ਉਹ ਮੁੜ ਸਿੱਖ ਧਰਮ ਵਿੱਚ ਵਾਪਸੀ ਕੀਤੀ ਤੇ ਬਹੁਤ ਸਾਰਾ ਸਾਹਿਤ ਸਿੱਖ ਧਰਮ ਲਈ ਲਿਖਿਆ।

ਗਿਆਨੀ ਹੀਰਾ ਸਿੰਘ ਦਰਦ ਨੇ 'ਮੇਰੀਆਂ ਕੁੱਝ ਇਤਿਹਾਸਕ ਯਾਦਾਂ' ਨਾਂ ਹੇਠ ਸਵੈ-ਜੀਵਨੀ ਪ੍ਰਕਾਸ਼ਿਤ ਕਰਵਾਈ । ਉਨ੍ਹਾਂ ਨੇ ਆਪਣੀ ਸਵੈ-ਜੀਵਨੀ ਵਿੱਚ ਸਮਾਜਿਕ ਤੇ ਇਤਿਹਾਸਕ ਮੁੱਲਾਂ ਦੀ ਬਹੁਤਾਤ ਭਰੀ ਹੈ। ਜਿਸ ਨਾਲ ਜਨ-ਸਧਾਰਨ ਨੂੰ ਉੱਨਤੀ, ਤਰੱਕੀ ਕਰਨ ਦੀ ਸਿੱਖਿਆ ਮਿਲਦੀ ਹੈ।

ਪਿੰ. ਤੇਜਾ ਸਿੰਘ ਦੀ ਸਵੈ-ਜੀਵਨੀ 'ਆਰਸੀ, ਨੂੰ ਪੰਜਾਬੀ ਸਾਹਿਤ ਦੀ ਇੱਕ ਪ੍ਰਮਾਣਿਕ ਸਵੈ-ਜੀਵਨੀ ਮੰਨਿਆ ਜਾਂਦਾ ਹੈ। ਪ੍ਰਿੰ. ਤੇਜਾ ਸਿੰਘ ਨੂੰ ਆਲੋਚਕ, ਨਿਬੰਧਕਾਰ ਤੇ ਵਾਰਤਕਕਾਰ ਦੇ ਵਜੋਂ ਜਾਣਿਆ ਜਾਂਦਾ ਹੈ। ਪ੍ਰਿੰ. ਤੇਜਾ ਸਿੰਘ ਨੇ ਪੰਜਾਬੀ ਵਾਰਤਕ ਨੂੰ ਸੰਜਮ, ਸਰਲ, ਸਪਸ਼ਟਤਾ, ਗੰਭੀਰ ਤੇ ਬੌਧਿਕਤਾ ਨਾਲ ਰੋਚਕ ਬਣਾਇਆ ਹੈ। ਉਹਨਾਂ ਨੇ ਪੰਜਾਬੀ ਵਾਰਤਕ ਸਾਹਿਤ ਵਿੱਚ ਆਪਣਾ ਭਰਵਾ ਯੋਗਦਾਨ ਪਾਇਆ। ਜਿੱਥੇ ਤੇਜਾ ਸਿੰਘ ਨੇ ਨਿਬੰਧ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਉੱਥੇ ਉਸ ਨੇ 'ਆਰਸੀ' ਨਾਮਕ ਸਵੈ-ਜੀਵਨੀ ਦੀ ਰਚਨਾ ਕਰ ਕੇ ਪੰਜਾਬੀ ਸਵੈ-ਜੀਵਨੀ ਵਿੱਚ ਵੀ ਆਪਣੀ ਵਿਲੱਖਣ ਪਹਿਚਾਣ ਬਣਾਈ।

ਪ੍ਰੋ. ਸਾਹਿਬ ਸਿੰਘ ਨੇ 'ਮੇਰੀ ਜੀਵਨ ਕਹਾਣੀ' ਸਵੈ-ਜੀਵਨੀ ਦੇ ਅੰਤਰਗਤ ਆਪਣੇ ਜੀਵਨ ਦੀਆਂ ਘਟਨਾਵਾਂ ਨੂੰ ਬਿਆਨਿਆ ਹੈ। ਇਸ ਸਵੈ-ਜੀਵਨੀ ਵਿੱਚ ਸਾਹਿਬ ਸਿੰਘ ਨੇ ਆਪਣੀ ਜ਼ਿੰਦਗੀ ਵਿੱਚ ਆਏ ਚੰਗੇ ਮੰਦੇ ਦਿਨਾਂ ਦਾ

ਚਿੱਤਰ ਸਹਿਜ ਸੁਭਾਵਿਕ ਉਲੀਕਿਆ ਹੈ। ਇਹ ਸਵੈ-ਜੀਵਨੀ ਪ੍ਰੇਰਨਾ ਦੇਣ ਵੱਲੋਂ ਪੂਰੀ ਤਰ੍ਹਾਂ ਮੁਕੰਮਲ ਹੈ। ਇਸ ਵਿੱਚ ਗਲਪ ਰਸ ਵਧੇਰੇ ਨਜ਼ਰ ਆਉਂਦਾ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਜਨਮ 26 ਅਪ੍ਰੈਲ 1895 ਈ. ਨੂੰ ਸਿਆਲਕੋਟ ਵਿਖੇ ਪਿਤਾ ਪਸ਼ੌਰਾ ਸਿੰਘ ਤੇ ਮਾਤਾ ਮਿਲਣੀ ਕੌਰ ਦੀ ਕੁੱਖੋਂ ਹੋਇਆ। ਪ੍ਰੀਤਲੜੀ ਨੇ ਆਪਣੀ ਜ਼ਿੰਦਗੀ ਦੇ ਸਫ਼ਰ ਦੌਰਾਨ ਬਹੁਤ ਸਾਰੀਆਂ ਰਚਨਾਵਾਂ ਲਿਖੀਆਂ ਜਿਸ ਵਿੱਚ ਨਿਬੰਧ: ਸਾਵੀ ਪੱਧਰੀ ਜ਼ਿੰਦਗੀ, ਗੁਰਬਖ਼ਸ਼ ਸਿੰਘ ਨੂੰ ਪੰਜਾਬੀ ਦੇ ਸ਼ਰੋਮਣੀ ਗੱਦਕਾਰ ਦੇ ਨਾਂ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਕਈ ਪੁਸਤਕਾਂ ਵਿੱਚ ਆਪਣੀ ਸਵੈ-ਜੀਵਨੀ ਲਿਖੀ ਉਸ ਦੇ ਨਿਬੰਧ ਸੰਗ੍ਰਹਿ ਵਿੱਚ ਵੀ ਸਵੈ-ਜੀਵਨੀ ਦੇ ਅੰਸ਼ ਮਿਲਦੇ ਹਨ। ਗੁਰਬਖ਼ਸ਼ ਸਿੰਘ ਨੇ 'ਮੇਰੀ ਜੀਵਨ ਕਹਾਣੀ' ਸਵੈ-ਜੀਵਨੀ ਪ੍ਰਕਾਸ਼ਿਤ ਕਰਵਾਈ। ਜਿਸ ਵਿੱਚ ਉਸ ਨੇ ਆਪਣੀ ਕਹਾਣੀ ਦੇ ਨਾਲ-ਨਾਲ ਦੂਜਿਆਂ ਦੀ ਜੀਵਨ ਕਹਾਣੀ ਨੂੰ ਵੀ ਪੇਸ਼ ਕੀਤਾ ਹੈ।

ਨਾਨਕ ਸਿੰਘ ਨੂੰ ਪੰਜਾਬੀ ਸਾਹਿਤ ਦੀ ਦੁਨੀਆ ਵਿੱਚ ਮੁੱਖ ਤੌਰ 'ਤੇ ਇੱਕ ਨਾਵਲਕਾਰ ਵਜੋਂ ਜਣਿਆ ਜਾਂਦਾ ਹੈ। ਨਾਵਲ ਲਿਖਣ ਕਾਰਨ ਨਾਨਕ ਸਿੰਘ ਦੀ ਸਵੈ ਜੀਵਨੀ 'ਮੇਰੀ ਦੁਨੀਆ' ਵਿੱਚ ਵੀ ਗਲਪ ਰਸ ਦੇਖਣ ਨੂੰ ਮਿਲਦਾ ਹੈ। ਇਸ ਸਵੈ-ਜੀਵਨੀ ਵਿੱਚ ਨਾਨਕ ਸਿੰਘ ਆਪਣੇ ਨਾਵਲ ਲਿਖਣ ਦੀ ਰੁਚੀ ਪਿਛੋਕੜ ਦੇ ਅੰਦਰੂਨੀ ਤੇ ਬਾਹਰੀ ਪ੍ਰਭਾਵਾਂ ਨੂੰ ਬਿਆਨ ਕਰਦਾ ਹੈ। ਨਾਨਕ ਸਿੰਘ ਦੀ ਸਵੈ-ਜੀਵਨੀ ਮੇਰੀ ਦੁਨੀਆ ਦਾ ਸਾਹਿਤਕ ਤੇ ਆਲੋਚਨਾਤਮਿਕ ਮਹੱਤਵ ਬਹੁਤ ਜ਼ਿਆਦਾ ਹੈ। ਨਾਨਕ ਸਿੰਘ ਦੀ ਸਵੈ-ਜੀਵਨੀ ਮੇਰੀ ਦੁਨੀਆ ਵਿਚਲੀਆਂ ਘਟਨਾਵਾਂ ਕਈ ਸੁਤੰਤਰ ਕਹਾਣੀਆਂ ਦਾ ਰੂਪ ਲੈਂਦੀਆਂ ਹਨ। ਉਹਨਾਂ ਨੇ ਆਪਣੇ ਜੀਵਨ ਦੀਆਂ ਅਲੱਗ-ਅਲੱਗ ਘਟਨਾਵਾਂ ਨੂੰ ਬੜੀ ਹੀ ਸਰਲਤਾ ਤੇ ਕਲਾਤਮਿਕ ਢੰਗ ਨਾਲ ਇੱਕ ਲੜੀ ਵਿੱਚ ਪਰੋ ਦਿੱਤੀਆਂ ਜਿਹੜੀ ਕਿ ਅਲੱਗ-ਅਲੱਗ ਨਾ ਹੁੰਦੀਆਂ ਇੱਕ ਦੂਜੇ ਨਾਲ ਜੁੜੀਆਂ ਘਟਨਾਵਾਂ ਪ੍ਰਤੀਤ ਹੁੰਦੀਆਂ। ਨਾਨਕ ਸਿੰਘ ਨੇ ਜਿਸ ਤਰ੍ਹਾਂ ਨਾਵਲਾਂ ਵਿੱਚ ਰੋਚਕਤਾ ਕਾਇਮ ਰੱਖੀ ਉਸੇ ਤਰ੍ਹਾਂ ਹੀ ਉਸ ਨੇ ਆਪਣੀ ਸਵੈ-ਜੀਵਨੀ ਮੇਰੀ ਦੁਨੀਆ ਵਿੱਚ ਕਲਾਤਮਿਕਤਾ ਦਾ ਪ੍ਰਯੋਗ ਕਰ ਕੇ ਸਵੈ-ਜੀਵਨੀ ਵਿੱਚ ਰੌਚਕਤਾ ਬਰਕਰਾਰ ਰੱਖੀ।

ਐੱਸ.ਐੱਸ.ਅਮੋਲ ਇੱਕ ਯਤੀਮ ਖ਼ਾਨੇ ਵਿੱਚ ਪਲਿਆ ਪੜ੍ਹਿਆ ਤੇ ਅੰਤ ਪੰਜਾਬ ਦਾ ਇੱਕ ਉੱਘਾ ਚਿੰਤਕ ਬਣਿਆ। ਉਸ ਦੀ ਸਵੈ-ਜੀਵਨੀ ਮਾਂ-ਮਹਿੱਟਰ ਅਤੇ ਨਿਰਧਨ ਵਿਅਕਤੀ ਦੇ ਜੀਵਨ ਸੰਘਰਸ਼ ਦਾ ਬਹੁਤ ਪ੍ਰੇਰਨਾ ਭਰਪੂਰ ਬਿਆਨ ਹੈ। ਉਸ ਦੀ ਸਵੈ-ਜੀਵਨੀ ਐੱਸ.ਐੱਸ.ਅਮੋਲ ਨੂੰ ਇੱਕ ਸਵੈਮਾਨ, ਸੁ ਦ੍ਰਿੜ੍ਹ ਅਤੇ ਸਪਸ਼ਟ ਵਾਦੀ ਵਿਅਕਤੀ ਵਜੋਂ ਪੇਸ਼ ਕਰਦੀ ਹੈ।

ਕਰਤਾਰ ਸਿੰਘ ਦੁੱਗਲ ਨੂੰ ਪੰਜਾਬੀ ਸਾਹਿਤ ਵਿਚ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ। ਕਰਤਾਰ ਸਿੰਘ ਦੁੱਗਲ ਦਾ ਜੀਵਨ ਸੰਘਰਸ਼ ਸੌਖਾ ਨਹੀਂ ਸੀ ਉਹ ਆਪਣੀ ਸਵੈ-ਜੀਵਨੀ 'ਪਹਿ ਖੋਲਿਓ ਗੰਠੜੀ' 1985 ਵਿੱਚ ਦੱਸਦਾ ਹੈ ਕਿ ਕਿਵੇਂ ਉਸ ਨੇ ਸਮਾਜ ਦੀ ਕਾਣੀ ਵੰਡ, ਸਿਆਸੀ ਪੈਂਤੜੇਬਾਜ਼ੀ, ਸਰਮਾਏਦਾਰੀ ਦੀ ਬਦਜੋਕੀ ਨੇ ਮੇਰੀ ਸ਼ਖ਼ਸੀਅਤ ਨੂੰ ਘੜਿਆ ਹੈ।

ਅੰਮ੍ਰਿਤਾ ਪ੍ਰੀਤਮ ਨੇ ਆਪਣੀਆਂ ਕਈ ਰਚਨਾਵਾਂ ਵਿੱਚ ਸਵੈ-ਜੀਵਨੀ ਨੂੰ ਪੇਸ਼ ਕੀਤਾ ਹੈ। ਉਸ ਨੇ 1977 ਈ. ਵਿੱਚ 'ਰਸੀਦੀ ਟਿਕਟ' ਸਵੈ-ਜੀਵਨੀ ਪ੍ਰਕਾਸ਼ਿਤ ਕਰਵਾਈ। ਇਹ ਸਵੈ-ਜੀਵਨੀ ਕਲਾਤਮਿਕ ਪੱਖ ਤੇ ਉਸ ਦੇ ਜੀਵਨ ਦੇ ਬਿਰਤਾਂਤ ਨੂੰ ਦਰਸਾਉਂਦੀ ਮੁਕੰਮਲ ਸਵੈ-ਜੀਵਨੀ ਹੈ। ਕਿਰਮਚੀ, ਕਾਲਾ ਗੁਲਾਬ, ਮੋਮਬਤੀਆਂ ਆਦਿ ਰਚਨਾਵਾਂ ਵੀ ਸਵੈ ਮੂਲਕ ਹਨ। ਅੰਮ੍ਰਿਤਾ ਪ੍ਰੀਤਮ ਨੇ ਆਪਣੀ ਸਵੈ-ਜੀਵਨੀ ਆਪਣੇ ਜੀਵਨ ਦੀਆਂ ਅਨੇਕਾਂ ਘਟਨਾਵਾਂ ਨੂੰ ਕਲਮਬੱਧ ਕੀਤਾ। ਇਸ ਵਿੱਚ ਜਿੱਥੇ ਉਸ ਨੇ ਆਪਣੇ ਜੀਵਨ ਦੇ ਕਈ ਪੱਖਾਂ ਉੱਤੇ ਪ੍ਰਕਾਸ਼ ਪਾਇਆ ਉੱਥੇ ਕਈ ਪੱਖ ਰਾਖਵੇਂ ਵੀ ਰੱਖ ਲਏ ਹਨ।[7] ਅਜਿਹਾ ਸ਼ਾਇਦ ਅੰਮ੍ਰਿਤਾ ਪ੍ਰੀਤਮ ਨੇ ਕੁੱਝ ਨਾ ਕਹਿਣ ਤੋਂ ਸੰਕੋਚ ਕਰਨ ਦੀ ਭਾਵਨਾ ਤਹਿਤ ਕੀਤਾ। ਅੰਮ੍ਰਿਤਾ ਪ੍ਰੀਤਮ ਦਾ ਰੁਮਾਂਸਵਾਦ ਤੇ ਪ੍ਰਗਤੀਵਾਦ ਦੋਹਾਂ ਧਾਰਾ ਨਾਲ ਸੰਬੰਧ ਹੈ। ਉਸ ਦੀਆਂ ਰਚਨਾਵਾਂ ਵਿੱਚ ਰੁਮਾਂਸਵਾਦ ਤੇ ਪ੍ਰਗਤੀਵਾਦ ਦੋਵੇਂ ਹੀ ਝਲਕਦੇ ਹਨ। ਉਸ ਦੇ ਦ੍ਰਿਸ਼ਟੀ ਦੀਆਂ ਘਟਨਾਵਾਂ ਵਿਚੋਂ ਉਹੀ ਝਲਕ ਨਜ਼ਰੀ ਪੈਂਦੀ ਹੈ। ਜਿਸ ਨੂੰ ਬੜੀ ਕਲਾਤਮਿਕਤਾ ਨਾਲ ਬਿਆਨ ਕੀਤਾ ਹੈ। ਇਹੀ ਕਾਰਨ ਹੈ ਕਿ ਅੰਮ੍ਰਿਤਾ ਪ੍ਰੀਤਮ ਦੀਆਂ ਜਿਵੇਂ ਰਚਨਾਵਾਂ ਵਿੱਚ ਰਸਦਾਇਕ ਅਨੰਦ ਹੈ ਉਸੀ ਤਰਾਂ ਉਸ ਦੀ ਸਵੈ-ਜੀਵਨੀ ਰਸੀਦੀ ਟਿਕਟ ਵੀ ਕਿਸੇ ਰਸਦਾਇਕ ਅਨੰਦ ਤੋਂ ਸੱਖਣੀ ਨਹੀਂ ਹੈ।

ਸੁਰਿੰਦਰ ਸਿੰਘ ਜੋਸ਼ੀ ਦਾ ਜਨਮ 1919 ਈ. ਵਿੱਚ ਹੋਇਆ। ਜੋਸ਼ੀ ਨੇ ਲੰਮਾ ਸਮਾਂ ਦਿੱਲੀ ਦੇ ਹਾਈ ਕੋਰਟ ਵਿੱਚ ਜੱਜ ਦੀ ਪਦਵੀ ਸੰਭਾਲੀ। 1981 ਈ. ਵਿੱਚ ਉਸ ਨੇ ਜਿਸ ਵਿੱਚ ਉਸ ਨੇ ਜ਼ਿੰਦਗੀ ਨੂੰ ਤਾਸ਼ ਦੇ ਪੱਤਿਆਂ ਸਮਾਨ ਬਿਆਨਿਆ ਹੈ।

ਸੰਤੋਖ ਸਿੰਘ ਧੀਰ ਦਾ ਜਨਮ ਵੀਰਵਾਰ ਵਾਲੇ ਦਿਨ ਹੋਣ ਕਾਰਨ, ਉਸ ਨੇ ਆਪਣੀ ਸਵੈ-ਜੀਵਨੀ ਵੀ 'ਬ੍ਰਹਿਸਪਤੀ' ਨਾਂ ਹੇਠ ਪ੍ਰਕਾਸ਼ਿਤ ਕਰਵਾਈ। ਧੀਰ ਨੇ ਆਪਣੀ ਸਵੈ-ਜੀਵਨੀ ਵਿੱਚ ਸਮਾਜ ਦੇ ਅਸਲ ਸੱਚ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਸ ਨੇ ਮੱਧਵਰਗੀ ਲੋਕ, ਕਿਸਾਨਾਂ ਦੇ ਸੰਘਰਸ਼ ਦੀ ਦਾਸਤਾਨ ਨੂੰ ਬੜੀ ਹੀ ਰੋਚਕਤਾ ਭਰਪੂਰ ਬਿਆਨ ਕੀਤਾ ਹੈ। ਧੀਰ ਦੇ ਸਾਹਿਤਕ ਸਫ਼ਰ ਵਿੱਚ ਉਸ ਦੇ ਪਿਤਾ ਦਾ ਬਹੁਤ ਵੱਡਾ ਯੋਗਦਾਨ ਰਿਹਾ। ਕਵਿਤਾ ਲਿਖਣ ਦੀ ਪ੍ਰੇਰਨਾ ਵੀ ਉਸ ਨੂੰ ਆਪਣੇ ਪਿਤਾ ਜੀ ਪਾਸੋਂ ਹੀ ਮਿਲੀ। ਸੰਤੋਖ ਸਿੰਘ ਧੀਰ ਨੇ ਆਪਣਾ ਪਹਿਲਾ

ਤਖ਼ੱਲਸ 'ਦਰਦ' ਰੱਖਿਆ ਸੀ ਤੇ ਫਿਰ ਆਪਣੇ ਪਿਤਾ ਜੀ ਦੇ ਕਹਿਣ ਤੇ ਤਖ਼ੱਲਸ ਦਰਦ ਬਦਲ ਕੇ 'ਧੀਰ' ਰੱਖ ਲਿਆ।

ਡਾ. ਦਲੀਪ ਕੌਰ ਟਿਵਾਣਾ ਦਾ ਜਨਮ 1932 ਈ ਵਿੱਚ ਹੋਇਆ। ਉਸ ਨੇ ਆਪਣੇ ਸਾਹਿਤਕ ਸਫ਼ਰ ਦੌਰਾਨ ਬਹੁਤ ਸਾਰੀਆਂ ਰਚਨਾਵਾਂ ਰਚੀਆਂ। ਇਸ ਸਫ਼ਰ ਦੌਰਾਨ ਉਸ ਨੇ 'ਨੰਗੇ ਪੈਰਾਂ ਦਾ ਸਫ਼ਰ' ਸਵੈ-ਜੀਵਨੀ ਵੀ ਪ੍ਰਕਾਸ਼ਿਤ ਕਰਵਾਈ। ਇਸ ਸਵੈ-ਜੀਵਨੀ ਵਿੱਚ ਉਸ ਨੇ ਜਗੀਰਦਾਰੀ ਪ੍ਰਬੰਧ ਤੇ ਔਰਤ ਦੀ ਸਥਿਤੀ ਨੂੰ ਬਿਆਨਿਆ ਹੈ। 'ਨੰਗੇ ਪੈਰਾਂ ਦਾ ਸਫ਼ਰ' ਸਵੈ-ਜੀਵਨੀ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਇਸ ਸਵੈ-ਜੀਵਨੀ ਦਾ ਥੀਮ ਧੀਆਂ ਦੀ ਹੋ ਰਹੀ ਬੇਕਦਰੀ ਦੁਆਲੇ ਘੁੰਮਦਾ ਹੈ।

ਅਜੀਤ ਕੌਰ ਟਿਵਾਣਾ ਦਾ ਜਨਮ 1934 ਈ ਵਿੱਚ ਹੋਇਆ। ਉਸ ਨੇ ਪੰਜਾਬੀ ਸਾਹਿਤ ਦੀਆਂ ਕਈ ਵਿਧਾਵਾਂ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਅਜੀਤ ਕੌਰ ਟਿਵਾਣਾ ਨੂੰ ਇੱਕ ਕਹਾਣੀਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਉਸ ਨੇ ਆਪਣੀ ਰਚਨਾਵਾਂ ਦੁਆਰਾ ਪੰਜਾਬੀ ਸਾਹਿਤ ਦੇ ਖੇਤਰ ਨੂੰ ਹੋਰ ਵਿਸ਼ਾਲ ਕੀਤਾ। ਉਸ ਨੇ ਆਪਣੇ ਸਾਹਿਤਕ ਸਫ਼ਰ ਦੌਰਾਨ 1985 ਈ ਵਿੱਚ 'ਖ਼ਾਨਾਬਦੋਸ਼' ਸਵੈ ਜੀਵਨੀ ਪ੍ਰਕਾਸ਼ਿਤ ਕਰਵਾਈ। ਇਸ ਸਵੈ-ਜੀਵਨੀ ਵਿੱਚ ਸਵੈ ਮਾਨ ਵਾਲੀ ਨਾਰੀ ਦੇ ਜੀਵਨ ਤੇ ਉਸ ਦੇ ਘਰ ਸੰਬੰਧੀ ਵਿਅੰਗ ਕੱਸਿਆ ਹੈ।

ਬਲਬੀਰ ਮਾਧੋਪੁਰੀ ਦਾ ਜਨਮ 24 ਜੁਲਾਈ 1955 ਈ ਨੂੰ ਹੋਇਆ। ਬਲਬੀਰ ਮਾਧੋਪੁਰੀ ਨੇ ਪੰਜਾਬੀ ਸਾਹਿਤ ਵਿੱਚ ਜ਼ਿਆਦਾਤਰ ਅਨੁਵਾਦ ਦੇ ਪ੍ਰਸੰਗ ਵਿੱਚ ਹੀ ਵਧੇਰੇ ਕਾਰਜ ਕੀਤਾ ਹੈ। ਉਸ ਨੇ ਦਲਿਤਾਂ ਦੇ ਮਸਲਿਆਂ ਨੂੰ ਆਪਣੀਆਂ ਰਚਨਾਵਾਂ ਦਾ ਅਧਾਰ ਬਣਾਇਆ। ਬਲਬੀਰ ਮਾਧੋਪੁਰੀ ਨੇ 'ਛਾਂਗਿਆ ਰੁੱਖ' ਨਾਮਕ ਸਵੈ-ਜੀਵਨੀ ਵੀ ਪ੍ਰਕਾਸ਼ਿਤ ਕਰਵਾਈ। ਜਿਸ ਵਿੱਚ ਉਸ ਨੇ ਆਪਣੇ ਜੀਵਨ ਅਨੁਭਵਾਂ ਰਾਹੀ ਦਲਿਤ ਸਮਾਜ ਅਤੇ ਵਿਅਕਤੀ ਨੂੰ ਦਰਪੇਸ਼ ਚੁਣੋਤੀਆਂ ਨੂੰ ਪੇਸ਼ ਕੀਤਾ ਹੈ।ਇਹ ਸਵੈ-ਜੀਵਨੀ ਇਸ ਖੋਜ ਕਾਰਜ ਦਾ ਆਧਾਰ ਹੈ ਇਸ ਲਈ ਇਸ ਬਾਰੇ ਵਿਸਤਾਰ ਵਿਚ ਚਰਚਾ ਅਗਲੇ ਅਧਿਆਵਾਂ ਵਿਚ ਕੀਤੀ ਗਈ ਹੈ।

## 1.8 ਰਚਨਾਕਾਰ (ਬਲਬੀਰ ਮਾਧੋਪੁਰੀ )

ਬਲਬੀਰ ਮਾਧੋਪੁਰੀ ਦਾ ਜਨਮ 24 ਜੁਲਾਈ 1955 ਈ. ਨੂੰ ਹੋਇਆ। ਬਲਬੀਰ ਮਾਧੋਪੁਰੀ ਨੇ ਪੰਜਾਬੀ ਸਾਹਿਤ ਵਿੱਚ ਜ਼ਿਆਦਾਤਰ ਅਨੁਵਾਦ ਦੇ ਪ੍ਰਸੰਗ ਵਿੱਚ ਹੀ ਵਧੇਰੇ ਕਾਰਜ ਕੀਤਾ। ਬਲਬੀਰ ਮਾਧੋਪੁਰੀ ਨੇ 'ਛਾਂਗਿਆ ਰੁੱਖ' ਨਾਮਕ ਸਵੈ-ਜੀਵਨੀ ਵੀ ਪ੍ਰਕਾਸ਼ਿਤ ਕਰਵਾਈ। ਜਿਸ ਵਿੱਚ ਉਸ ਨੇ ਦਲਿਤਾਂ ਦੀਆਂ ਦਰਪੇਸ਼ ਚੌਣੋਤੀਆਂ ਨੂੰ ਪੇਸ਼ ਕੀਤਾ।

ਬਲਬੀਰ ਮਾਧੋਪੁਰੀ ਦੀਆਂ ਰਚਨਾਵਾਂ

- ਮਾਰੂਥਲ ਦੇ ਬਿਰਖ ( ਕਾਵਿ-ਸੰਗ੍ਰਹਿ)
- ਭਖਦਾ ਪਤਾਲ ( ਕਾਵਿ-ਸੰਗ੍ਰਹਿ )
- ਦਿੱਲੀ ਇੱਕ ਵਿਰਾਸਤ ( ਇਤਿਹਾਸਕ ਯਾਦਗਾਰਾਂ)
- ਸਮੁੰਦਰ ਦੇ ਸੰਗ-ਸੰਗ ( ਸਫ਼ਰਨਾਮਾ)
- ਦਿੱਲੀ ਦੇ ਦਸ ਇਤਿਹਾਸਕ ਗੁਰਦੁਆਰੇ
- ਸਾਹਿਤਕ ਮੁਲਾਕਾਤਾਂ

ਅਨੁਵਾਦਿਤ ਸਾਹਿਤ

- ਐਡਵਿਨਾ ਤੇ ਨਹਿਰੂ (ਇਤਿਹਾਸਕ ਨਾਵਲ), ਕੈਥਰੀਨ ਕਲੈਮਾਂ
- ਲੱਜਾ (ਨਾਵਲ), ਤਸਲੀਮਾ ਨਸਰੀਨ
- ਸਭਿਆਚਾਰਕ ਵਿਆਹਾਂ ਨਾਲ ਸੰਬੰਧਿਤ ਮਸਲੇ; ਟੂਲੀਆ ਡੇਵਿਡ ਬਸੋਵਾ
- ਨਾਟਕਾਂ ਦੇ ਦੇਸ਼ ਵਿੱਚ
- ਸਮੁੰਦਰ ਦੇ ਟਾਪੂ ( ਹਿੰਦੀ ਕਹਾਣੀਆਂ)
- ਸ਼ਹੀਦਾਂ ਦੇ ਖ਼ਤ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਚਿੱਟਾ ਘੋੜਾ
- ਪਰਮੇਸ਼ਰ ਦੇ ਪਾਸੇ ਲੱਗੋ
- ਪਾਣੀ (ਰਮਨ)
- ਨੀਲੀ ਝੀਲ (ਕਮਲੇਸ਼ਵਰ)
- ਡਾਇਬਟੀਜ਼ ਦੇ ਸੰਗ, ਜੀਣ ਦਾ ਢੰਗ
- ਮਨੁੱਖ ਦੀ ਕਹਾਣੀ
- ਡਾ.ਬੀ.ਆਰ. ਅੰਬੇਡਕਰ- ਆਪ ਬੀਤੀਆਂ ਤੇ ਯਾਦਾਂ
- ਮਨ ਦੀ ਦੁਨੀਆਂ
- ਗੁਰੂ ਰਵਿਦਾਸ ਦੀ ਮੂਲ ਵਿਚਾਰਧਾਰਾ
- ਬੁੱਧ ਤੇ ਉਨ੍ਹਾਂ ਦਾ ਧੰਮ

- ਨਵਾਬ ਰੰਗੀਲੇ (ਐੱਨ ਬੀ ਟੀ)
- ਰਾਜਕਮਲ ਚੌਧਰੀ ਸੰਕਲਿਤ ਕਹਾਣੀਆਂ
- ਸਵੈ ਜੀਵਨੀ: ਛਾਂਗਿਆ ਰੁੱਖ

ਬਲਬੀਰ ਮਾਧੋਪੁਰੀ ਨੇ ਆਪਣੇ ਸਾਹਿਤਕ ਸਫ਼ਰ ਦੌਰਾਨ ਜ਼ਿਆਦਾਤਰ ਅਨੁਵਾਦਿਤ ਸਾਹਿਤ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ। ਜਿਸ ਦੇ ਫਲਸਰੂਪ ਬਲਬੀਰ ਮਾਧੋਪੁਰੀ ਨੂੰ 2013 ਵਿੱਚ 'ਰਾਜਕਮਲ ਚੌਧਰੀ ਦੀਆਂ ਕਹਾਣੀਆਂ' ਦੇ ਅਨੁਵਾਦ ਲਈ ਸਾਹਿਤ ਅਕੈਡਮੀ ਦੇ ਅਨੁਵਾਦ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

## 1.9 ਦਲਿਤ - ਸਿਧਾਂਤ ਤੇ ਸਰੋਕਾਰ

ਵਰਤਮਾਨ ਯੁੱਗ ਵਿੱਚ ਦਲਿਤਾਂ ਨਾਲ ਜੁੜੇ ਬੜੇ ਹੀ ਗੰਭੀਰ ਤੇ ਪੇਚੀਦਾ ਮਸਲੇ ਸਾਹਮਣੇ ਆਉਂਦੇ ਹਨ। ਇਨ੍ਹਾਂ ਮਾਮਲਿਆਂ ਵਿੱਚ ਬਹੁਤੀ ਵਾਰੀ ਜਾਤੀ ਤੇ ਜਮਾਤੀ ਵਰਗ ਦੀ ਖਿੱਚੋਤਾਣ ਰਹਿੰਦੀ ਹੈ। ਹਰ ਵਾਰ ਅਜਿਹੇ ਮੁੱਦਿਆਂ 'ਤੇ ਦਲਿਤਾਂ ਨੂੰ ਜਾਤ-ਪਾਤ ਨਾਲ ਜੋੜਿਆ ਜਾਂਦਾ ਹੈ। ਪਰ ਅਸਲ ਵਿੱਚ ਦਲਿਤ ਕਿਸੇ ਜਾਤੀ ਜਾਂ ਜਮਾਤੀ ਵਰਗ ਦਾ ਨਾਂ ਨਹੀਂ ਹੈ। ਦਲਿਤ ਤਾਂ ਇੱਕ ਅਜਿਹਾ ਸ਼ੋਸ਼ਿਤ ਵਰਗ ਹੈ। ਜਿਸ ਨੂੰ ਸ਼ੋਸ਼ਿਤ ਹੋਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ।

ਦਲਿਤ ਵਰਗ ਨੂੰ ਜਾਤੀ ਜਾਂ ਜਮਾਤੀ ਵਰਗ ਨਾਲ ਜੋੜਨ ਤੋਂ ਪਹਿਲਾ ਦਲਿਤ ਦੀ ਪਹਿਚਾਣ ਜਾਂ ਪਰਿਭਾਸ਼ਾ ਅਤੇ ਸਰੂਪ ਨੂੰ ਸਮਝਣਾ ਅਤਿ ਜ਼ਰੂਰੀ ਹੈ। ਇਹ ਉਹ ਵਰਗ ਹੈ ਜਿਹੜਾ ਸਦੀਆਂ ਤੋਂ ਪੈਦਾਵਾਰੀ ਸਾਧਨਾਂ, ਸਮਾਜਕ ਰੁਤਬੇ, ਸਭਿਆਚਾਰਕ ਗੌਰਵ ਧਾਰਮਿਕ ਆਧਾਰਾਂ, ਰਾਜਨੀਤਕ ਅਧਿਕਾਰਾਂ ਅਤੇ ਕਲਾਵਾਂ ਤੋਂ ਵਿਛੁੰਨਿਆ ਵਰਗ ਹੈ।[8] ਗੁਰਦਾਸ ਰਾਮ ਆਲਮ ਦਲਿਤ ਵਰਗ ਨੂੰ ਉੱਚਾ ਚੁੱਕਣ ਲਈ, ਪ੍ਰੇਰਨਾ ਦੇਣ ਲਈ ਹਿੰਮਤ ਦਲੇਰੀ ਦੇਣ ਲਈ ਤੇ ਮਿਹਨਤ ਨੂੰ ਹਮਸਫ਼ਰ ਬਣਾਉਣ ਲਈ ਉਲ੍ਹਾਮਾ ਕਵਿਤਾ ਸਿਰਜੀ;

ਕਿਉਂ ਮੁੱਘੜ ਮਾਰੀ ਬੈਠਾ ਏਂ
ਉੱਠ ਦਲਿਤ ਭਰਾਵਾਂ ਚੱਜ ਕਰ ਲੈ
ਕੰਮ ਤੈਨੂ ਕਰਨਾ ਪੈਣਾ ਏਂ,
ਚਾਹੇ ਕੱਲ੍ਹ ਕਰ ਲਈ ਚਾਹੇ ਅੱਜ ਕਰ ਲੈ
ਤੇਰੇ ਗੁਆਂਢੀ ਅੱਗੇ ਲੰਘ ਗਏ ਨੇ,
ਤੂੰ ਪਿੱਛੇ ਬੈਠਾ ਹੱਸਦਾ ਏਂ
ਤੂੰ ਵੀ ਬੰਦਿਆਂ ਵਰਗਾ ਬੰਦਾ ਏਂ,
ਜੇ ਬੰਦਾ ਏ ਤਾਂ ਲੱਜ ਕਰ ਲੈ।[9]

ਛੂਤ-ਛਾਤ, ਜਾਤ-ਪਾਤ, ਤੇ ਊਚ-ਨੀਚ ਆਦਿ ਭਖਦੇ ਮਸਲਿਆਂ ਨੂੰ ਗਦਰ ਲਹਿਰ ਦੀ ਕਵਿਤਾ ਵਿੱਚ ਵੀ ਸਾਫ਼ ਝਲਕਦੀ ਹੈ।

ਛੂਤ-ਛਾਤ ਦਾ ਕੋਈ ਖ਼ਿਆਲ ਨਾ ਹੀ,

ਸਾਨੂੰ ਪਰਖ ਚੂਹੜੇ ਚਮਾਰ ਵਾਲੀ।[10]

ਊਚ ਨੀਚ ਨੇ ਹੈ ਸਾਡਾ ਘਰ ਪੱਟਿਆ,

ਪਾਇਕੇ ਜਨਮ ਕੁਝ ਨਹੀਂ ਖੱਟਿਆ।[11]

ਗ਼ਰੀਬੀ , ਬੇਸਹਾਰਾ, ਲਿਤਾੜੇ, ਬੇਬਸੀ ਨਾਲ ਮਰ ਰਹੇ ਵਿਅਕਤੀ ਆਪਣੇ ਸਵੈਮਾਨ ਨੂੰ ਜਿਉਂਦੇ ਰੱਖਣ ਲਈ ਸੰਘਰਸ਼ ਵੱਲ ਤੁਰਦੇ ਹਨ, ਪਰ ਰਾਜਨੀਤੀ ਤੇ ਪੂੰਜੀਵਾਦ ਦੀਆਂ ਘਿਨੌਣੀਆਂ ਚਾਲਾਂ ਇਨ੍ਹਾਂ ਨੂੰ ਅੱਗੇ ਵਧਣ ਹੀ ਨਹੀਂ ਦਿੰਦੀਆਂ। ਜਿਸ ਨਾਲ ਗ਼ਰੀਬ ਦਿਨ-ਬ-ਦਿਨ ਗ਼ਰੀਬ ਹੁੰਦਾ ਜਾ ਰਿਹਾ ਹੈ। ਉਸ ਨੂੰ ਲਾਚਾਰੀ, ਬੇਬਸੀ, ਭੁੱਖਮਰੀ ਨਾਲ ਜੂਝਣਾ ਪੈਂਦਾ ਹੈ। ਅਜਿਹੇ ਲੋਕਾਂ ਨੂੰ ਹੀ ਦਲਿਤਾਂ ਦੀ ਵੰਨਗੀ ਵਿੱਚ ਰੱਖਿਆ ਜਾਂਦਾ ਹੈ। ਹਰ ਇੱਕ ਉਹ ਵਿਅਕਤੀ ਜਿਸ ਨੂੰ ਦੱਬਿਆ ਜਾਂਦਾ ਹੈ, ਬੇਬਸ ਬਣਾਇਆ ਜਾਂਦਾ ਹੈ, ਲਚਾਰ ਬਣਾਇਆ ਜਾਂਦਾ ਹੈ, ਜਾਂ ਲਿਤਾੜਿਆ ਜਾਂਦਾ ਹੈ, ਉਹ ਦਲਿਤ ਹੈ। ਲਾਚਾਰੀ ਬੇਬਸੀ ਤੇ ਸ਼ੋਸ਼ਿਤ ਹੋਣ ਦਾ ਡੰਡ ਕਿਸੇ ਵੀ ਜਾਤੀਗਤ ਜਾਂ ਪੂਜੀ ਹੀਣ ਵਿਅਕਤੀ ਨੂੰ ਮਿਲ ਸਕਦਾ ਹੈ ਉਸ ਦਾ ਕਿਸੇ ਵੀ ਜਾਤੀ ਨਾਲ ਕੋਈ ਸੰਬੰਧ ਨਹੀਂ ਹੈ। ਦਲਿਤ ਕਿਸੇ ਵਿਸ਼ੇਸ਼ ਜਾਤ ਨਾਲ ਨਹੀਂ ਜੁੜਿਆ ਬਲਕਿ ਇਹ ਤਾਂ ਆਪਣੇ ਆਪ ਇੱਕ ਅਜਿਹਾ ਵਰਗ ਹੈ, ਜਿਹੜਾ ਸ਼ੋਸ਼ਕ ਜਾਂ ਪੂੰਜੀਵਾਦੀਆਂ ਵੱਲੋਂ ਸ਼ੋਸ਼ਿਤ ਹੋਇਆ ਵਰਗ ਹੈ। ਇਹ ਬਹੁਤ ਵੱਡੀ ਭੁੱਲ ਹੈ, ਕਿ ਆਮ ਤੌਰ ਤੇ ਦਲਿਤਾਂ ਨੂੰ ਵਿਸ਼ੇਸ਼ ਜਾਤੀ ਨਾਲ ਜੋੜ ਦਿੱਤਾ ਜਾਂਦਾ ਹੈ।

ਦਲਿਤ ਦੇ ਪੱਖ ਵਿੱਚ ਕੁੱਝ ਸਾਹਿਤਕਾਰਾਂ ਨੇ ਆਪਣੀ ਰਚਨਾਵਾਂ ਲਿਖੀਆਂ ਜਿਸ ਵਿੱਚ ਦਲਿਤ ਵਰਗ ਨੂੰ ਹਿੰਮਤ ਦਲੇਰੀ ਜਾਗਰੂਕ ਤੇ ਚੇਤੰਨ ਹੋਣ ਲਈ ਪ੍ਰੇਰਿਤ ਕੀਤਾ ਹੈ। ਅਜਿਹੇ ਦਲਿਤ ਸਮੱਸਿਆ ਨਾਲ ਸੰਬੰਧਿਤ ਸੰਤੋਖ ਸਿੰਘ ਧੀਰ, ਗੁਰਦਿਆਲ ਸਿੰਘ, ਗੁਰਮੀਤ ਕੱਲਰ ਮਾਜਰੀ ਤੋਂ ਇਲਾਵਾ ਬਲਬੀਰ ਮਾਧੋਪੁਰੀ ਨੇ ਵੀ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ।

ਭਾਰਤੀ ਸਮਾਜ ਵਿੱਚ ਦੇ ਮੁੱਖ ਸਵਾਲਾਂ ਵਿੱਚ ਦਲਿਤ ਸਵਾਲ ਅਗਲੀ ਕਤਾਰ ਵਿੱਚ ਆਉਣ ਵਾਲਾ ਸਵਾਲ ਹੈ। ਬੇਸ਼ੱਕ ਸਾਡੇ ਸਮਾਜ ਨੇ ਦਲਿਤ ਬਾਰੇ ਇੱਕ ਵੱਡੀ ਚੁੱਪ ਧਾਰੀ ਹੈ ਪਰ ਦਲਿਤ ਦੇ ਭਖਦੇ ਮਸਲਿਆਂ ਦੀ ਦਾਸਤਾਨ ਸਮਾਜਿਕ ਆਰਥਿਕ ਧਾਰਮਿਕ ਤੇ ਰਾਜਨੀਤਿਕ ਖੇਤਰਾਂ ਵਿੱਚ ਸਾਫ਼ ਝਲਕਦੀ ਹੈ। ਬੁੱਧ ਧਰਮ, ਮੱਧਕਾਲੀ ਭਗਤੀ ਲਹਿਰ, ਸਿੱਖ ਗੁਰੂ ਸਾਹਿਬਾਨਾਂ ਨੇ ਆਪਣੀ ਬਾਣੀ ਵਿੱਚ ਜਾਤ-ਪਾਤ, ਛੂਤ-ਛਾਤ ਨੂੰ ਭੰਡਿਆ ਹੈ ਤੇ ਇੱਕ ਬਰਾਬਰੀ ਸਮਾਜ ਦਾ ਹੋਕਾ ਦਿੱਤਾ ਹੈ। ਮਹਾਤਮਾ ਬੁੱਧ ਨੇ ਆਪਣੇ ਧਰਮ ਦਾ ਪ੍ਰਚਾਰ ਉਸ ਸਮੇਂ ਦੀ ਭੰਡੀ ਗਈ

ਪਾਲੀ ਭਾਸ਼ਾ ਵਿੱਚ ਕੀਤਾ ਉਨ੍ਹਾਂ ਨੇ ਊਚ-ਨੀਚ ਭੇਦ ਭਾਵ ਨੂੰ ਖ਼ਤਮ ਕਰਨ ਲਈ ਹਰ ਇਨਸਾਨ ਨੂੰ ਇੱਕ ਅੱਖ ਨਾਲ ਵੇਖਿਆ। ਮਹਾਤਮਾ ਬੁੱਧ ਤੋਂ ਬਾਅਦ ਜੇ ਗੱਲ ਸਿੱਖ ਧਰਮ ਤੇ ਸਿੱਖ ਧਰਮ ਦੇ ਅੰਤਰਗਤ ਬਾਣੀ ਰਚਣ ਵਾਲੇ ਭਗਤੀ ਲਹਿਰ ਦੇ ਬਾਨੀਆਂ ਦੀ ਕੀਤੀ ਜਾਵੇ ਤਾਂ ਉਹਨਾਂ ਨੇ ਆਦਰਸ਼ਕ ਤੇ ਇੱਕ ਬਰਾਬਰੀ ਸਮਾਜ ਬਣਾਉਣ ਲਈ ਬਹੁਤ ਸਾਰੀ ਬਾਣੀ ਰਚੀ।

"ਜਾਤ ਪਾਤ ਲੋਂ ਜਾਤ ਹੈ, ਜੋਂ ਕੇਲਨ ਮੇਂ ਪਾਤ,

ਰਵਿਦਾਸ ਨਾ ਮਾਨਸ ਜੁੜ ਸਕੇ, ਜੋ ਲੋਂ ਜਾਤ ਨਾ ਜਾਤ।"[12]

ਭਗਤ ਕਬੀਰ ਜੀ ਨੇ ਵੀ ਜਾਤ ਪਾਤ ਦੀ ਵਿਰੋਧਤਾ ਕਰਦੇ ਬਾਣੀ ਰਚੀ ਹੈ।

ਅਵਲ ਅਲੱਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ

ਏਕ ਨੂਰ ਪੇ ਸਭ ਜਗੁ ਉਪਜਿਆ ਕਾਉਨ ਭਲੇ ਕੋ ਮੰਦੇ[13]

ਜਿੱਥੇ ਭਗਤੀ ਲਹਿਰ ਦੇ ਬਾਨੀਆਂ ਨੇ ਜਾਤ-ਪਾਤ, ਊਚ-ਨੀਚ ਭੇਦ ਭਾਵ ਛੂਤ-ਛਾਤ ਦੀ ਵਿਰੋਧਤਾ ਕੀਤੀ ਉੱਥੇ ਸਿੱਖ ਗੁਰੂ ਸਾਹਿਬਾਨਾਂ ਨੇ ਵੀ ਇਸ 'ਤੇ ਕਰਾਰੀ ਚੋਟ ਮਾਰਦਿਆਂ ਬਹੁਤ ਸਾਰੀ ਬਾਣੀ ਰਚੀ

ਮਾਨਸ ਕੀ ਜਾਤੁ ਸਬੈ ਏਕੈ ਪਹਿਚਾਨਬੋ[14]

ਭਾਰਤੀ ਸਮਾਜ ਵਿੱਚ ਦਲਿਤ ਵਰਗ ਦੀ ਤ੍ਰਾਸਦੀ ਇੱਕ ਪੇਚੀਦਾ ਮਸਲਾ ਬਣ ਕੇ ਸਾਹਮਣੇ ਆਉਂਦਾ ਹੈ। ਦਲਿਤ ਵਰਗ 'ਤੇ ਅਨੇਕਾਂ ਹੀ ਜ਼ੁਲਮ ਤੇ ਅੱਤਿਆਚਾਰ ਹੁੰਦੇ ਆਏ ਹਨ ਤੇ ਸਮੇਂ-ਸਮੇਂ ਤੇ ਸ਼ੋਸ਼ਿਤ ਵਰਗਾਂ ਨੇ ਸ਼ੋਸ਼ਕ ਵਰਗਾਂ ਵਿਰੁੱਧ ਭਰਵੀਂ ਅਵਾਜ਼ ਵੀ ਉਠਾਈ। ਪਰ ਫਿਰ ਵੀ ਜਨਤਾ ਦੀ ਚੁੱਪੀ ਸ਼ੋਸ਼ਕ ਵਰਗਾਂ ਦੇ ਸ਼ਕਤੀਸ਼ਾਲੀ ਹੋਣ ਦਾ ਸਬੂਤ ਦੇ ਜਾਂਦੀ ਹੈ। ਸ਼ੋਸ਼ਕ ਵਰਗ, ਸ਼ੋਸ਼ਿਤ ਵਰਗ 'ਤੇ ਅੱਤਿਆਚਾਰ ਹੀ ਨਹੀਂ ਕਰਦੇ ਬਲਕਿ ਉਨ੍ਹਾਂ ਨੂੰ ਆਪਣੇ ਅਧੀਨ ਵੀ ਰੱਖਦੇ ਹਨ।ਜਿਸ ਕਾਰਨ ਸ਼ੋਸ਼ਕ ਵਰਗ ਵਿਰੁੱਧ ਸ਼ੋਸ਼ਿਤ ਵਰਗ ਦਾ ਸੰਘਰਸ਼ ਮੁੱਢ ਤੋਂ ਹੀ ਚਲਦਾ ਆ ਰਿਹਾ ਹੈ। ਮੁੱਢ ਤੋਂ ਨੀਵਾਂ ਵਰਗ ਆਪਣੇ ਤੋਂ ਉੱਚੇ ਵਰਗ ਨਾਲ ਟਾਕਰਾ ਲੈਂਦਾ ਹੈ ਤੇ ਆਪਣੇ ਹਿਤਾਂ ਦੀ ਮੰਗ ਕਰਦੇ ਹਨ।

ਦਲਿਤ ਸਵਾਲਾਂ ਨੂੰ ਮਾਰਕਸਵਾਦੀਆਂ ਵੱਲੋਂ ਘੋਖਿਆ ਤੇ ਪਰਖਿਆਂ ਜਾਂਦਾ ਰਿਹਾ।ਮਾਰਕਸਵਾਦੀਆਂ ਨੇ ਦਲਿਤ ਵਰਗ ਨਾਲ ਹੁੰਦੀ ਲੁੱਟ-ਖਸੁੱਟ ਵਿਰੁੱਧ ਭਰਵੀਂ ਅਵਾਜ਼ ਉਠਾਈ। ਮਾਰਕਸਵਾਦੀਆਂ ਅਨੁਸਾਰ ਸਮਾਜਿਕ-

ਆਰਥਿਕ ਵਿਵਸਥਾ ਦੋ ਖੇਮਿਆ ਵਿੱਚ ਵੰਡੀ ਪਾਈ ਜਾਂਦੀ ਹੈ: ਸ਼ੋਸ਼ਕ ਅਤੇ ਸ਼ੋਸ਼ਿਤ; ਜ਼ਿਮੀਂਦਾਰ ਅਤੇ ਭੂਮੀਹੀਣ; ਮਜ਼ਦੂਰ/ਦਿਹਾੜੀਦਾਰ; ਪੂੰਜੀਪਤੀ ਅਤੇ ਸਰਬਹਾਰਾ ਆਦਿ।[15]

ਸਮੇਂ ਸਮੇਂ ਤੇ ਸਮਾਜ ਵਿੱਚ ਹੋਏ ਅਨੇਕ ਪਰਿਵਰਤਨ ਇਤਿਹਾਸ ਵਿੱਚੋਂ ਸਾਫ਼ ਝਲਕਦੇ ਹਨ। ਭਾਰਤ ਵਿਚ ਅਰਬਾਂ, ਤੁਰਕਾਂ, ਮੁਗ਼ਲਾਂ ਇੱਥੋਂ ਤੱਕ ਕਿ ਅੰਗਰੇਜ਼ਾਂ ਨੇ ਵੀ ਭਾਰਤੀ ਸਮਾਜ ’ਤੇ ਆਪਣੀ ਹਕੂਮਤ ਕਾਇਮ ਕੀਤੀ ਪਰ ਇਸ ਤੋਂ ਵੀ ਜੇਕਰ ਪੁਰਾਤਨ ਸਮਿਆਂ ਦੀ ਗੱਲ ਕਰੀਏ ਤਾਂ ਇੱਕ ਨਵਾਂ ਇਤਿਹਾਸ ਸਾਹਮਣੇ ਆਉਂਦਾ ਹੈ। ਆਰੀਆ ਹਮਲਾਵਰਾਂ ਨੇ ਚੜ੍ਹਾਈ ਕਰ ਕੇ ਇੱਥੋਂ ਦੇ ਮੂਲ ਵਾਸੀਆਂ ਨੂੰ ਹਰਾ ਕੇ ਗ਼ੁਲਾਮ ਬਣਾ ਕੇ ਉਨ੍ਹਾਂ ਉੱਪਰ ਜ਼ੁਲਮ ਕੀਤੇ ਉਨ੍ਹਾਂ ਦਾ ਦਮਨ ਕੀਤਾ ਤੇ ਇਹ ਜ਼ੁਲਮ ਇਹ ਦਮਨ ਚੱਕਰ ਅੱਜ ਵੀ ਉਵੇਂ ਹੀ ਜਾਰੀ ਹੈ।[16] ਪਰ ਇਹ ਯਾਦ ਰੱਖਣ ਯੋਗ ਹੈ ਕਿ ਉਨ੍ਹਾਂ ਅਸਲ ਵਿਦੇਸ਼ੀ ਹਮਲਾਵਰਾਂ ਦੇ ਉੱਤਰਾਧਿਕਾਰੀ ਆਪਣੇ ਵੱਖਰੇ ਤੌਰ ਤਰੀਕੇ ਰਹਿਣ ਸਹਿਣ ਅਤੇ ਵੱਖਰੀ ਪਹਿਚਾਣ ਨੂੰ ਬ੍ਰਾਹਮਣਾਂ ਅਤੇ ਕਸ਼ੱਤਰੀਆਂ ਵਜੋਂ ਵਿਚਰਦਿਆਂ ਆਪਣੀ ਅਸਲੀ ਪਹਿਚਾਣ ਆਪਣੀ ਵਿਦੇਸ਼ੀ ਸ਼ਨਾਖ਼ਤ ਨੂੰ ਬਰਕਾਰ ਰੱਖਣ ਲਈ ਅੱਜ ਵੀ ਜੀਅ ਤੋੜ ਸੰਘਰਸ਼ ਕਰ ਰਹੇ ਹਨ ਅਤੇ ਭਾਰਤੀ ਬਹੁ ਗਿਣਤੀਆਂ ਦੀ ਆਪਣੀਆਂ ਹਰ ਕਿਸਮ ਦੀਆਂ ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਤੋਂ ਬਾਹਰ ਰੱਖ ਕੇ ਸ਼ੂਦਰ ਪੰਚਾਮਾ ਜਾਂ ਅਛੂਤ ਦਰਸਾਉਂਦੇ ਹਨ, ਵਿਖਾਉਂਦੇ ਹਨ, ਉਨ੍ਹਾਂ ਨੂੰ ਦਾਗ਼ਦੇ ਹਨ।[17] ਇਹ ਰੋਕਾਂ, ਵੱਖਰਾਪਣ, ਊਚ-ਨੀਚ, ਭੇਦ-ਭਾਵ, ਜਾਤ-ਪਾਤ, ਛੂਤ-ਛਾਤ, ਘਮੰਡ ਸਦੀਆਂ ਤੋਂ ਸਾਡੇ ਸਮਾਜ ਵਿੱਚ ਕਾਇਮ ਹੈ ਜਿਨ੍ਹਾਂ ਦੇ ਸ਼ਿਕਾਰ ਉਹ ਲੋਕ ਬਣੇ ਜੋ ਬੇਬਸ ਲਾਚਾਰ ਸਨ, ਅਤੇ ਭੂਮੀਹੀਣ ਸਨ, ਇਨ੍ਹਾਂ ਲੋਕਾਂ ਨੂੰ ਸ਼ਕਤੀਸ਼ਾਲੀ ਵਰਗ ਨੇ ਹੋਰ ਬੇਬਸ ਬਣਾਇਆਂ ਤੇ ਆਪਣੇ ਅਧੀਨ ਰੱਖਿਆ। ਲੋਕਾਂ ਨੇ ਜਦੋਂ ਇੱਥੋਂ ਦੇ ਮੂਲ ਵਸਨੀਕ ਦਰਾਵੜ ਲੋਕਾਂ ਨੂੰ ਹਰਾ ਕੇ ਭਾਰਤੀ ਸਮਾਜ ਦੀ ਰਾਜਨੀਤਿਕਤਾ ਨੂੰ ਆਪਣੇ ਹੱਥ ਵਿੱਚ ਲੈ ਲਿਆ ਤਾਂ ਦਰਾਵੜਾਂ ਨੂੰ ਦੱਖਣੀ ਭਾਰਤ ਵੱਲ ਧਕੇਲ ਦਿੱਤਾ ਤੇ ਜਿਹੜੇ ਦਰਾਵੜ ਦੱਖਣੀ ਭਾਰਤ ਵੱਲ ਨਹੀਂ ਗਏ ਉਨ੍ਹਾਂ ਨੂੰ ਜ਼ੁਲਮ ਜਾਂ ਦਾਸ ਬਣਾਇਆ ਗਿਆ। ਆਰੀਅਨ ਦੇ ਉੱਤਰਾਧਿਕਾਰੀ ਬ੍ਰਾਹਮਣ ਵਰਗ ਬਣੇ ਜਿਨ੍ਹਾਂ ਨੇ ਆਪਣੀ ਸੇਵਾ ਲਈ ਦਲਿਤ ਵਰਗ ’ਤੇ ਦਬਾਅ ਬਣਾਈ ਰੱਖਿਆ। ਲੰਬੇ ਸਮੇਂ ਤੋਂ ਉੱਚ ਹਿੰਦੂ ਜਾਤੀ ਦੇ ਲੋਕਾਂ ਵੱਲੋਂ ਦਲਿਤਾਂ ’ਤੇ ਜਾਰੀ ਜ਼ਬਰ-ਜ਼ੁਲਮ, ਸ਼ੋਸ਼ਣ, ਬੇਨਿਸਾਫ਼ੀ, ਲੁੱਟ-ਖਸੁੱਟ ਅਤੇ ਉਨ੍ਹਾਂ ਦੀ ਬੇਇੱਜ਼ਤੀ ਅਤੇ ਫਿਰ ਕਰਮਾਂ ਦੀ ਜਿਹੜੀ ਥਿਊਰੀ ਉਨ੍ਹਾਂ ’ਤੇ ਲਗਾਤਾਰ ਪੀੜੀ ਦਰ ਪੀੜੀ ਠੋਸੀ ਜਾਂਦੀ ਰਹੀ, ਉਸ ਨਾਲ ਦਲਿਤ ਇਸ ਜ਼ਖਮੀ ਮਾਨਸਿਕਤਾ ਸਦਾ ਸਦਾ ਲਈ ਸ਼ਿਕਾਰ ਹੋ ਗਏ।[18] ਦਲਿਤਾਂ ਦੇ ਮਨ ਵਿੱਚ ਸ਼ੋਸ਼ਕ ਵਰਗ ਪ੍ਰਤੀ ਡਰ ਘਰ ਕਰ ਗਿਆ ਤੇ ਆਪਣੇ ਆਪ ਨੂੰ ਨੀਚ ਤੇ ਹੀਣ ਭਾਵਨਾ ਦੀ ਦ੍ਰਿਸ਼ਟੀ ਤੋਂ ਵੇਖਣ ਲੱਗ ਪਏ। ਜਿਸ ਨਾਲ ਦਲਿਤ ਵਰਗ ਦੇ ਸਵੈ-ਮਾਨ ਵਿੱਚ ਭਾਰੀ ਗਿਰਾਵਟ ਆਈ। ਜਿੱਥੇ ਦਲਿਤ ਵਰਗ ਨੂੰ ਨੀਚ, ਨੀਵੇਂ ਤੇ ਛੂਤ ਕਹਿ ਕੇ ਦੁਰਕਾਰਿਆ ਉੱਥੇ ਨੀਵੀਂ ਜਾਤੀ ਦਾ ਕਲੰਕ ਵੀ

ਮੱਥੇ 'ਤੇ ਲੱਗਾ। ਜਿਸ ਨਾਲ ਦਲਿਤ ਵਰਗ ਨੂੰ ਜਾਤ ਦੇ ਨਾਂ ਨਾਲ ਨਿੰਦਿਆ ਗਿਆ, ਤ੍ਰਿਸਕਾਰਿਆ ਗਿਆ, ਤੇ ਦੁਰਕਾਰਿਆ ਗਿਆ। ਸਮਾਜ ਵਿੱਚ ਦਲਿਤ ਵਰਗ ਲਈ ਨਾ ਦੇ ਬਰਾਬਰ ਸਥਾਨ ਹੈ। ਪੂੰਜੀਪਤੀ ਜਾਂ ਸ਼ਕਤੀਸ਼ਾਲੀ ਧਿਰ ਆਪਣੇ ਤੋਂ ਨੀਵੇਂ ਵਰਗ 'ਤੇ ਜਿਸਮਾਨੀ ਤੇ ਮਾਨਸਿਕ ਪੱਖੋਂ ਦਬਾਅ ਪਾਈ ਰੱਖਦੇ ਹਨ ਜਿਸ ਕਾਰਨ ਦਲਿਤ ਵਰਗ ਸਮਾਜ ਵਿੱਚ ਵੀ ਕੋਈ ਸਤਿਕਾਰ ਜਾਂ ਸ਼ੋਭਾ ਨਹੀਂ ਖੱਟਦੇ। ਸਮਾਜ ਵਿੱਚ ਦਲਿਤ ਵਰਗ ਨਾਲ ਨਸਲੀ ਭੇਦ-ਭਾਵ ਕੀਤਾ ਜਾਂਦਾ। ਬੇਸ਼ੱਕ ਦਲਿਤ ਕਿਸੀ ਜਾਤੀ ਜਾਂ ਜਮਾਤੀ ਵਰਗ ਦਾ ਨਾਂ ਨਹੀਂ ਹੈ ਪਰ ਫਿਰ ਵੀ ਜਿਸ ਵਰਗ ਦੇ ਸ਼ੋਸ਼ਣ ਹੋ ਰਿਹਾ ਉਸ ਨੂੰ ਮੁੱਢ ਤੋਂ ਹੀ ਨੀਵੀਂ ਜਾਤ ਨਾਲ ਜੋੜਿਆ ਗਿਆ। ਦਲਿਤ ਵਰਗ ਜਿੱਥੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਸ਼ੋਸ਼ਕ ਵਰਗ ਵੱਲੋਂ ਕੀਤੇ ਜਾਂਦੇ ਜਿਸਮਾਨੀ ਜ਼ੁਲਮਾਂ ਨੂੰ ਸਹਾਰਦੇ ਉੱਥੇ ਨਾਲ ਹੀ ਉਨ੍ਹਾਂ ਲਈ ਜਾਤੀ ਸੰਬੋਧਨ ਸ਼ਬਦ ਵਰਤ ਕੇ ਉਨ੍ਹਾਂ ਦੀ ਮਾਨਸਿਕਤਾ 'ਤੇ ਹਮਲਾ ਕਰ ਦਿੰਦੇ। ਜਿਸ ਕਾਰਨ ਸਦੀਆਂ ਤੋਂ ਹੀ ਦਲਿਤ ਵਰਗ ਸ਼ੋਸ਼ਿਤ ਵਰਗ ਦੀਆਂ ਚਾਲਾਂ ਦਾ ਸ਼ਿਕਾਰ ਬਣਦੇ ਆ ਰਹੇ ਹਨ। ਦਲਿਤ ਸਵਾਲ ਦਾ ਸਾਹਮਣਾ ਬ੍ਰਾਹਮਣਵਾਦ ਤੇ ਪੂੰਜੀਵਾਦ ਦੋਹਾਂ ਨਾਲ ਹੈ।[19] ਇਨ੍ਹਾਂ ਦੋਹਾਂ ਵਰਗਾਂ ਨਾਲ ਦਲਿਤ ਵਰਗ ਦਾ ਸੰਘਰਸ਼ ਸਦੀਆਂ ਤੋਂ ਚਲਦਾ ਆ ਰਿਹਾ ਹੈ। ਬ੍ਰਾਹਮਣ ਵਰਗ ਵੱਲੋਂ ਰਚੇ ਵੇਦ ਉਪਨਿਸ਼ਦ ਵੀ ਦਲਿਤ ਵਿਰੋਧੀ ਹਨ ਕਿਉਂਕਿ ਦਲਿਤ ਵਰਗ ਦਾ ਇਨ੍ਹਾਂ ਉੱਪਰ ਤੇ ਰੱਬ 'ਤੇ ਵਿਸ਼ਵਾਸ ਨਹੀਂ ਰਿਹਾ।

ਜੇਕਰ ਘਟ ਘਟ 'ਚ ਹੈ

ਬ੍ਰਾਹਮ ਬਿਰਾਜਮਾਨ

ਤਾਂ ਇੱਕ ਊਚ

ਇੱਕ ਨੀਚ ਕਿਉਂ?[20]

ਕਿਉਂਕਿ

ਈਸ਼ਵਰ ਦੇ ਹੁੰਦਿਆਂ

ਬਿਗੜ ਦਾ ਨਹੀਂ

ਤਕੜੀ ਦਾ ਸੰਤੁਲਨ

ਸਾਰੇ ਬਰਾਬਰ ਹੁੰਦੇ

ਕੋਈ ਛੋਟਾ ਕੋਈ ਵੱਡਾ ਨਾ ਹੁੰਦਾ

ਇਸ ਲਈ

ਸ਼ਾਇਦ

ਰੱਬ, ਦੁਨੀਆਂ 'ਚ ਰੱਬ

ਕਿਧਰੇ ਨਹੀਂ ਹੈ।[21]

2. ਤੂੰ ਝੂਠਾ

ਤੇਰਾ ਈਸ਼ਵਰ ਝੂਠਾ

ਵੇਦ ਪੁਰਾਣ

ਉਪਨਿਸ਼ਦ ਝੂਠੇ।[22]

ਆਓ ਬਾਈਕਾਟ ਕਰੀਏ

ਬ੍ਰਾਹਮਣਵਾਦ, ਸਾਮੰਤਵਾਦ ਅਤੇ

ਪੂੰਜੀਵਾਦ ਦਾ।

ਇਸ ਤੋਂ ਪੈਦਾ ਹੋਏ

ਜਾਤੀਵਾਦ ਅਤੇ ਫਾਸ਼ੀਵਾਦ ਦਾ।

ਬਾਈਕਾਟ ਕਰੀਏ

ਉਨਹਾਂ ਆਲੋਚਕਾਂ ਦਾ

ਜੋ ਸਮਾਜਵਾਦ ਦੇ ਕੈਪਸੂਲਾਂ 'ਚ ਭਰ ਰਹੇ ਨੇ

ਬ੍ਰਾਹਮਣਵਾਦ[23]

ਬ੍ਰਾਹਮਣਵਾਦ ਤੋਂ ਇਲਾਵਾ ਪੂੰਜੀਵਾਦ ਦਾ ਵੀ ਦਲਿਤ ਹਮੇਸ਼ਾ ਸ਼ਿਕਾਰ ਬਣਿਆ ਰਿਹਾ। ਦਲਿਤ ਦ੍ਰਿਸ਼ਟੀ ਦੀ ਗੱਲ ਕਰਦਿਆਂ ਨਾਰੀ ਵਰਗ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਮਰਦ ਪ੍ਰਧਾਨ ਸਮਾਜ ਸ਼ੁਰੂ ਤੋਂ ਹੀ ਔਰਤ ਨਾਲ ਧੱਕੇਸ਼ਾਹੀ ਕਰਦਾ ਆ ਰਿਹਾ ਹੈ। ਉਸ ਦੀਆਂ ਇੱਛਾਵਾਂ ਦਾ ਗਲਾ ਘੁੱਟਿਆ ਜਾਂਦਾ ਹੈ। ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਜਿੱਥੇ ਮਰਦ ਦੀ ਹੀ ਪ੍ਰਧਾਨਗੀ ਚਲਦੀ ਹੈ। ਖੇਤੀ ਕਰਨ ਲਈ ਮਰਦ ਦੀ ਲੋੜ ਜ਼ਿਆਦਾ ਸੀ ਜਿਸ ਕਾਰਨ ਔਰਤ ਨੂੰ ਅਣਗੌਲਿਆ ਕੀਤਾ ਗਿਆ। ਪੰਜਾਬ ਹੀ ਨਹੀਂ ਬਲਕਿ ਪੂਰੇ ਭਾਰਤ ਸਮਾਜ ਹੀ ਔਰਤ ਨੂੰ ਨੀਵਾਂ, ਕਮਜ਼ੋਰ, ਸਮਝਿਆ ਆ ਰਿਹਾ ਹੈ। ਔਰਤ ਨਾਲ ਹੋ ਰਹੇ ਭੇਦ-ਭਾਵ ਪਿੱਛੇ ਮੁੱਖ ਕਾਰਨ ਆਰਥਿਕਤਾ ਹੈ। ਘਰ ਵਿਚ ਜਿਹੜਾ ਵਿਅਕਤੀ ਧਨ ਕਮਾਉਂਦਾ ਹੈ, ਰੋਹਬ ਵੀ ਉਸ ਦਾ ਹੀ ਹੁੰਦਾ ਹੈ। ਪੁਰਾਣੇ ਸਮਿਆਂ ਵਿੱਚ ਲੋਕ ਇੰਨੇ ਜਾਗਰੂਕ ਨਹੀਂ ਸਨ ਕਿ ਉਹ ਧਨ ਕਮਾਉਣ ਵਿੱਚ ਔਰਤ ਨੂੰ ਵੀ ਭਾਗੀਦਾਰ ਬਣਾਇਆ ਜਾ ਸਕੇ। ਔਰਤ ਨੂੰ ਘਰ ਸੰਭਾਲਣ, ਬੱਚੇ ਸੰਭਾਲਣ ਤੱਕ ਸੀਮਤ ਰੱਖਿਆ ਹੋਇਆ ਸੀ। ਮਰਦ ਨੇ ਔਰਤ ਨੂੰ ਹਮੇਸ਼ਾ ਹੀ ਆਪਣੇ ਤੋਂ ਕਮਜ਼ੋਰ ਸਮਝਿਆ। ਜਿਸ ਕਾਰਨ ਔਰਤਾਂ ਨੂੰ ਮਰਦਾਂ ਦੇ ਅੱਤਿਆਚਾਰ ਨੂੰ ਭੋਗਣਾ ਪਿਆ। ਅਜੋਕੇ ਸਮਾਜ ਵਿੱਚ ਬੇਸ਼ੱਕ ਔਰਤ ਪਹਿਲਾ ਨਾਲੋਂ ਵਧੇਰੇ ਖੁੱਲ੍ਹ ਤੇ ਅਜ਼ਾਦੀ ਮਾਣਦੀ ਹੈ ਪਰ ਅੱਜ ਵੀ ਸਾਡਾ ਮਰਦ ਪ੍ਰਧਾਨ ਸਮਾਜ ਔਰਤ 'ਤੇ ਦਬਾਅ ਪਾਉਣ ਦਾ ਯਤਨ ਕਰਦਾ ਹੈ।

## 1.10 ਰਚਨਾ (ਛਾਂਗਿਆ ਰੁੱਖ)

ਬਲਬੀਰ ਮਾਧੋਪੁਰੀ ਆਪਣੀ ਸਵੈ-ਜੀਵਨੀ 'ਛਾਂਗਿਆ ਰੁੱਖ' ਵਿੱਚ ਪੰਜਾਬੀ ਸਮਾਜ ਵਿਚਲੇ ਬ੍ਰਾਹਮਣੀ, ਜੱਟ ਜਮਾਤੀ, ਚਮਾਰ, ਚਮਾਰਲੀ ਆਦਿ ਵਰਗਾਂ ਦਾ ਦ੍ਰਿਸ਼ ਉਲੀਕਦਾ ਹੈ। ਮਾਧੋਪੁਰੀ ਇਸ ਗੱਲ ਬਾਰੇ ਪੂਰੀ ਤਰ੍ਹਾਂ ਚੇਤੰਨ ਹੈ, ਕਿ ਜਾਤ-ਪਾਤ ਦੇ ਭੇਦ ਨਾਲ ਦਲਿਤ ਲੋਕਾਂ ਨੂੰ ਬਹੁਤ ਸਾਰੇ ਦਰਦ ਹੰਢਾਉਣੇ ਪੈਂਦੇ ਹਨ। ਪੂਰੀ ਦੀ ਪੂਰੀ ਸਵੈ-ਜੀਵਨੀ ਜਾਤ ਪਾਤ ਦੇ ਵਿਤਕਰਿਆਂ 'ਤੇ ਅਧਾਰਿਤ ਹੈ। ਮਾਧੋਪੁਰੀ ਨੇ ਆਪਣੀ ਸਵੈ ਜੀਵਨੀ ਛਾਂਗਿਆ ਰੁੱਖ ਨੂੰ ਵਿਸ਼ੇ ਤੇ ਕਲਾਤਮਿਕ ਪੱਖ ਤੋਂ ਮੁਕੰਮਲ ਕੀਤਾ ਹੈ। ਛਾਂਗਿਆ ਰੁੱਖ ਸਵੈ-ਜੀਵਨੀ ਵਿੱਚ ਰਿਸ਼ਤਿਆਂ ਦਾ ਇੱਕ ਚਿੱਤਰ ਉਲੀਕਿਆ ਹੈ, ਜਿਸ ਵਿੱਚ ਰਿਸ਼ਤਿਆਂ ਦੁਆਰਾ ਵੀ ਦਲਿਤ ਮਸਲੇ ਨੂੰ ਬੜੇ ਹੀ ਵਿਸਥਾਰਪੂਰਵਕ ਢੰਗ ਨਾਲ ਬਿਆਨ ਕੀਤਾ ਹੈ।

ਬਲਬੀਰ ਮਾਧੋਪੁਰੀ ਦੁਆਰਾ ਰਚਿਤ ਸਵੈ-ਜੀਵਨੀ ਛਾਂਗਿਆ ਰੁੱਖ ਸਮਾਜ ਦੇ ਦਲਿਤ ਵਰਗ ਦੀਆਂ ਸਮੱਸਿਆਵਾਂ ਨੂੰ ਰੂਪ ਮਾਨ ਕਰਦੀ ਹੈ। ਮਾਧੋਪੁਰੀ ਨੇ ਆਪਣੇ ਦੁੱਖਾਂ ਜਾਂ ਦਲਿਤ ਵਰਗ 'ਤੇ ਹੋਣ ਵਾਲੀਆਂ ਚੋਟਾਂ ਨੂੰ ਸਹਾਰਿਆ ਹੀ ਨਹੀਂ ਸਗੋਂ ਉਨ੍ਹਾਂ ਚੋਟਾਂ 'ਤੇ ਸਮਾਜ ਵਿੱਚ ਅੱਗੇ ਵਧ ਕੇ ਦਲਿਤ ਦੇ ਜੰਜਾਲ ਤੋਂ ਬਾਹਰ ਨਿਕਲ ਕੇ ਸੰਘਰਸ਼ ਵੀ ਕੀਤਾ। ਜਿਸ ਕਾਰਨ ਬਲਬੀਰ ਮਾਧੋਪੁਰੀ ਨੇ ਆਪਣੇ ਜੀਵਨ ਨੂੰ ਇੱਕ ਨਵੀਂ ਸੇਧ ਦਿੱਤੀ। ਛਾਂਗਿਆ

ਰੁੱਖ ਸਵੈ-ਜੀਵਨੀ ਕੁਲ 21 ਭਾਗਾਂ ਵਿੱਚ ਵੰਡੀ ਹੋਈ ਹੈ। ਸਵੈ-ਜੀਵਨੀ ਦੇ ਇਨ੍ਹਾਂ 21 ਭਾਗਾਂ ਵਿੱਚ ਬਲਬੀਰ ਮਾਧੋਪੁਰੀ ਦੀ 2013 ਤੱਕ ਦੀ ਜ਼ਿੰਦਗੀ ਦਾ ਵਰਣਨ ਮਿਲਦਾ ਹੈ। ਜਿੱਥੇ ਛਾਂਗਿਆ ਰੁੱਖ ਬਲਬੀਰ ਮਾਧੋਪੁਰੀ ਦੀ ਜੀਵਨ ਗਾਥਾ ਨੂੰ ਬਿਆਨ ਕਰਦੀ ਹੈ ਉੱਥੇ ਇਸ ਸਵੈ-ਜੀਵਨੀ ਵਿੱਚ ਬਲਬੀਰ ਮਾਧੋਪੁਰੀ ਨਾਲ ਜੁੜੇ ਹਰ ਇੱਕ ਇਨਸਾਨ ਦਾ ਰੇਖਾ ਵਚਿੱਤਰ ਵੀ ਮਿਲਦਾ ਹੈ

ਛਾਂਗਿਆ ਰੁੱਖ ਸਵੈ-ਜੀਵਨੀ ਵਿੱਚ ਸਮਾਜ ਦੇ ਤਕਰੀਬਨ ਹਰ ਇੱਕ ਵਰਗ ਨਾਲ ਸੰਬੰਧਿਤ ਦਲਿਤ ਵਰਗ ਦੀ ਘਟਨਾ ਸਾਹਮਣੇ ਆਉਂਦੀ ਹੈ। ਪੰਜਾਬ ਦਾ ਜੰਮ ਪਲ ਮਾਧੋਪੁਰੀ ਪੰਜਾਬ ਦੇ ਜਾਤੀ ਵੰਡ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਤੇ ਦਲਿਤ ਵਰਗ ਦੇ ਜਾਤੀ ਦਰਦ ਨੂੰ ਬਿਆਨ ਕਰਦਾ ਹੈ। ਸਵੈ-ਜੀਵਨੀ ਵਿਚ ਜੱਟਾਂ ਦਾ ਚਮਾਰਾਂ ਨੂੰ ਦਬਕੇ ਮਾਰਨੇ, ਬਰਸਾਤਾਂ ਵਿੱਚ ਗਰੀਬ ਲੋਕਾਂ ਦੇ ਡਿਗਦੇ ਘਰ, ਨਵੀਂ ਨੌਜਵਾਨ ਪੀੜੀ ਦਾ ਵਿਦਰੋਹ, ਚਮਾਰਾਂ ਦਾ ਮਰੇ ਪਸ਼ੂਆਂ ਨੂੰ ਚੁੱਕਣ ਵਰਗਾ ਕੰਮ ਅੱਜ ਵੀ ਹੱਥੀਂ ਕਰਨਾ, ਗੁਰਦੁਆਰੇ ਦੇ ਭਾਈ ਵੱਲੋਂ ਦਲਿਤ ਵਰਗ ਨਾਲ ਵਿਤਕਰਾ ਆਦਿ ਮਸਲੇ ਸਾਹਮਣੇ ਆਉਂਦੇ ਹਨ।

ਛਾਂਗਿਆ ਰੁੱਖ ਸਵੈ-ਜੀਵਨੀ ਵਿੱਚ ਚਮਾਰ ਸਭਿਆਚਾਰ ਵਿੱਚ ਦੋ ਤਰ੍ਹਾਂ ਦੀਆਂ ਜ਼ਿੰਦਗੀਆਂ ਸਾਹਮਣੇ ਆਉਂਦੀਆਂ ਹਨ ਇੱਕ ਉਹ ਪੁਰਾਣੀ ਪੀੜੀ ਦੇ ਅਨਪੜ੍ਹ ਲੋਕ ਜੋ ਜੱਟਾਂ ਦੇ ਦਬਕਿਆਂ ਨੂੰ ਸਹਿੰਦੇ ਤੇ ਉਨ੍ਹਾਂ ਅੱਗੇ ਹਲੀਮੀ ਭਰਿਆ ਵਿਹਾਰ ਕਰਦੇ। ਜਿਵੇਂ-

'ਧੁਆਡੀਆਂ ਸਰਦਾਰੀਆਂ ਕੈਮ ਰਹਿਣ, ਹਊ ਪਰੇ ਕਰ ਹੁਣ...।' ਤਾਏ ਨੇ ਗੱਲ ਮਕਾਉਂਦਿਆ ਕਿਹਾ ਅਤੇ ਨਲੀਆਂ ਵਾਲਾ ਛਿਕੂ ਭੁੰਜੇ ਰੱਖ ਕੇ ਸਿਰ ਮੋਹਰਲੇ ਗੰਜ 'ਤੇ ਟੋਟਰ ਉੱਤੇ ਹੱਥ ਨਾਲ ਖਾਜ ਕੀਤੀ।[24]

ਦੂਜੀ ਪੜ੍ਹੀ ਲਿਖੀ ਨੌਜੁਆਨ ਪੀੜੀ ਆਪਣੇ 'ਤੇ ਕਿਸੇ ਵੀ ਪ੍ਰਕਾਰ ਦਾ ਦਬਾਅ ਤੇ ਧੌਂਸ ਨਹੀਂ ਸਹਾਰਦੇ। ਉਹ ਆਪਣੇ ਬਜ਼ੁਰਗਾਂ ਵਾਂਗ ਜੱਟਾਂ ਦਾ ਰੌਅਬ ਤੇ ਦਬਕਾ ਨਹੀਂ ਸਹਿੰਦੇ। ਜਿਵੇਂ-

'ਕਿਸੇ ਹੋਰ ਨੂੰ ਧੌਂਸ ਦਈ - ਉਹ ਜ਼ਮਾਨਾ ਗਿਆ ਜਦੋਂ ਇਹ ਸਾਰੇ ਤੁਹਾਡੇ ਅੱਗੇ ਰੀ-ਰੀ ਕਰਦੇ ਹੁੰਦੇ ਸੀ।[25]ਫੁੰਮ੍ਹਣ ਨਵੀਂ ਪੀੜੀ ਦਾ ਉਹ ਨੌਜੁਆਨ ਹੈ ਜੋ ਜੱਟਾਂ ਦੀ ਧੌਂਸ ਤੇ ਦਬਕੇ ਨੂੰ ਨਹੀਂ ਸਹਾਰਦਾ ਤੇ ਉਸ ਦੇ ਵਿਰੁੱਧ ਅਵਾਜ਼ ਬੁਲੰਦ ਕਰਦਾ ਹੈ। ਇਸ ਤਰ੍ਹਾਂ ਛਾਂਗਿਆ ਰੁੱਖ ਸਵੈ-ਜੀਵਨੀ ਦਾ ਆਪਣੀ ਤੋਂ ਉੱਚੀ ਜਾਤ ਨਾਲ ਸੰਘਰਸ਼ ਸਪਸ਼ਟ ਦਿਖਾਈ ਦਿੰਦਾ ਹੈ।

## 1.11. ਛਾਂਗਿਆ ਰੁੱਖ ਸਵੈ-ਜੀਵਨੀ ਵਿਚ ਪੇਸ਼ ਪ੍ਰੇਰਨਾ

ਸਾਹਿਤ ਦਾ ਮੁੱਖ ਉਦੇਸ਼ ਪਾਠਕਾਂ ਨੂੰ ਪ੍ਰੇਰਨਾ ਤੇ ਇੱਕ ਚੰਗੀ ਦਿਸ਼ਾ ਪ੍ਰਦਾਨ ਕਰਨਾ ਹੁੰਦਾ ਹੈ। ਕੋਈ ਵੀ ਸਾਹਿਤਕ ਕਿਰਤ ਪ੍ਰੇਰਨਾ ਤੋਂ ਸੱਖਣੀ ਨਹੀਂ ਹੁੰਦੀ ਸਵੈ-ਜੀਵਨੀ ਦਾ ਧਰਮ ਹੀ ਪਾਠਕਾਂ ਨੂੰ ਪ੍ਰੇਰਨਾ ਦੇਣਾ ਹੈ।

ਬਲਬੀਰ ਮਾਧੋਪੁਰੀ ਆਪਣੇ ਜੀਵਨ ਦੇ ਤਜਰਬਿਆਂ ਦੀ ਪੇਸ਼ਕਾਰੀ ਹੀ ਨਹੀਂ ਕਰਦਾ ਬਲਕਿ ਉਸ ਦੇ ਨਾਲ-ਨਾਲ ਪਾਠਕਾਂ ਨੂੰ ਹਮੇਸ਼ਾ ਮਿਹਨਤ ਕਰਨ ਤੇ ਮੁਸੀਬਤਾਂ ਦਾ ਸਾਹਮਣਾ ਕਰਨ ਦੀ ਪ੍ਰੇਰਨਾ ਵੀ ਦਿੰਦਾ ਹੈ। ਬਲਬੀਰ ਮਾਧੋਪੁਰੀ ਨੇ ਆਪਣੇ ਜੀਵਨ ਵਿਚ ਦਲਿਤ ਦੇ ਮਸਲਿਆ ਨੂੰ ਸਮਝਿਆ ਹੀ ਨਹੀਂ ਸਗੋਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚ ਹੰਢਾਇਆ ਹੈ। ਊਚ-ਨੀਚ, ਭੇਦ-ਭਾਵ, ਜਾਤੀ-ਜਮਾਤੀ ਵਰਗ ਦੇ ਸਮਾਜ ਦਾ ਸੰਤਾਪ ਮਾਧੋਪੁਰੀ ਨੇ ਵੀ ਭੋਗਿਆਂ ਹੈ। ਮਾਧੋਪੁਰੀ ਇਸ ਸੰਤਾਪ ਤੋਂ ਬਾਹਰ ਨਿਕਲਣ ਲਈ ਨਿਰੰਤਰ ਸੰਘਰਸ਼ ਕਰਦਾ। ਸ਼ਾਸਤਰੀ ਦੇ ਜੀਵਨ ਦਾ ਬਲਬੀਰ ਮਾਧੋਪੁਰੀ 'ਤੇ ਬਹੁਤ ਪ੍ਰਭਾਵ ਪਿਆ। ਮਾਧੋਪੁਰੀ ਨੂੰ ਆਪਣੇ ਜੀਵਨ ਵਿਚ ਅੱਗੇ ਵਧਣ ਦੀ ਪ੍ਰੇਰਨਾ ਸ਼ਾਸਤਰੀ ਦੇ ਜੀਵਨ ਤੋਂ ਮਿਲੀ। ਮਾਧੋਪੁਰੀ ਸ਼ਾਸਤਰੀ ਨਾਲ ਤੁਲਨਾ ਕਰਦਾ ਤੇ ਮਿਹਨਤ ਨਾਲ ਪੜ੍ਹਾਈ ਕਰਨ ਦੀ ਹਿੰਮਤ ਬਟੋਰਦਾ।

ਖ਼ੈਰ, ਮੈਂ ਇਕੱਲਾ ਤੁਰਿਆ ਰਿਹਾ। ਸ਼ਾਸਤਰੀ ਕੋਲ ਪੈਸਿਆਂ ਖੁਣੋਂ ਕਿਸ਼ਤੀ ਰਾਹੀਂ ਨਦੀ ਨਾ ਪਾਰ ਕਰ ਸਕਣ ਦੀ ਹਕੀਕਤ ਨੇ ਮੈਨੂੰ ਬੇਚੈਨ ਤੇ ਪਰੇਸ਼ਾਨ ਕਰ ਦਿੱਤਾ। ਖ਼ਿਆਲ ਆਇਆ, 'ਕੀ ਹੋਇਆ ਜੇ ਨਾਲ ਪੜ੍ਹਦੇ ਮੁੰਡੇ ਜਾਤ ਦਾ ਮਿਹਣਾ ਮਾਰਦੇ ਆ - ਸ਼ਾਸਤਰੀ ਕਿਹੜਾ ਬ੍ਰਾਹਮਣ ਸੀ। ਕੀ ਹੋਇਆ ਜੇ ਮੇਰੇ ਕੋਲ ਹੋਰ ਕੱਪੜੇ ਨਹੀਂ - ਮੇਰੇ ਨਾਲ ਮੇਰਾ ਭਾਈਆ ਹੈ, ਸ਼ਾਸਤਰੀ ਕੋਲ ਤਾਂ ਉਹ ਵੀ ਨਹੀਂ ਸੀ। ਜੇ ਸ਼ਾਸਤਰੀ ਆਪਣੀ ਗ਼ਰੀਬੀ ਦੌਰਾਨ ਮਿੰਨਤ ਤੇ ਦ੍ਰਿੜ੍ਹਤਾ ਨਾਲ ਇੱਥੇ ਪਹੁੰਚ ਸਕਦਾ ਹੈ ਤਾਂ ਮੈਨੂੰ ਹਿੰਮਤ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ।[26]

ਮਾਧੋਪੁਰੀ ਆਪਣੀ ਜ਼ਿੰਦਗੀ ਦੇ ਦੁੱਖ ਤਕਲੀਫ਼ਾਂ ਤੇ ਭੇਦ-ਭਾਵ ਭਰੇ ਸਮਾਜ ਦੇ ਝੰਜਟਾਂ ਤੋਂ ਬਾਹਰ ਨਿਕਲਾਂ ਚਾਹੁੰਦਾ ਹੈ। ਮਾਧੋਪੁਰੀ ਨੂੰ ਪਤਾ ਹੈ ਕਿ ਉਹ ਪੜ੍ਹ ਲਿਖ ਕੇ ਹੀ ਇਸ ਝੰਜਟ ਵਿਚੋਂ ਬਾਹਰ ਨਿਕਲ ਸਕਦਾ ਹੈ ਨਹੀਂ ਤਾਂ ਪਹਾੜ ਜਿੱਡੀ ਉਮਰ ਜੱਟਾਂ ਦੀਆਂ ਵਗਾਰਾਂ ਬੁੱਤੀਆਂ ਕਰਨ ਵਿਚ ਹੀ ਲੰਘੇਗੀ।ਮਾਧੋਪੁਰੀ ਨੂੰ ਇਨ੍ਹਾਂ ਦੁੱਖਾਂ, ਤਕਲੀਫ਼ਾਂ ਤੋਂ ਵੀ ਅੱਗੇ ਵਧਣ ਦੀ ਪ੍ਰੇਰਨਾ ਮਿਲਦੀ ਰਹਿੰਦੀ। ਛਾਂਗਿਆ ਰੁੱਖ ਸਵੈ-ਜੀਵਨੀ ਵਿਚ ਅਜਿਹੀ ਘਟਨਾ ਸਾਡੇ ਸਾਹਮਣੇ ਆਉਂਦੀ ਹੈ:

ਹੱਥੀ ਕੰਮ ਕਰਨ ਵਾਲਿਆਂ ਨੂੰ ਜ਼ਿਮੀਂਦਾਰ ਦੇ ਨਰਮ ਉਮਰ ਦੇ ਮੁੰਡੇ ਬੰਨਿਆਂ ਉੱਤੇ ਟਹਿਲਦੇ ਦਬਕਾ-ਝਿੜਕਾਂ ਮਾਰਦੇ ਉਮਰ ਦਾ ਲਿਹਾਜ਼ ਨਹੀਂ ਕਰਦੇ - ਤੇ ਸਾਡੇ ਬੰਦੇ ਉਨ੍ਹਾਂ ਮੋਹਰੇ ਕੁਸਕਦੇ ਵੀ ਨਹੀਂ। ਜੇ ਮੈਂ ਨਾ ਪੜ੍ਹ ਸਕਿਆ ਤਾਂ ਪਹਾੜ ਜਿੱਡੀ ਲੰਮੀ ਉਮਰ ਦੌਰਾਨ ਇਹ ਸਭ ਕੁੱਝ ਕਿਵੇਂ ਝੱਲਾਂਗਾ! ਇਹ ਸਵਾਲ ਮੈਨੂੰ ਵਿਚੋਂ-ਵਿਚ ਘੁਣ ਵਾਂਗ ਖਾਣ ਲਈ ਕਾਹਲਾ ਜਾਪਦਾ।[27]

ਮਾਧੋਪੁਰੀ ਜਦੋਂ ਸਮੱਸਿਆ ਵਿਚ ਘਿਰ ਜਾਂਦਾ ਤਾਂ ਉਹ ਆਪਣੇ ਭਾਈਏ ਨੂੰ ਯਾਦ ਕਰਦਾ ਕਿ ਕਿਵੇਂ ਭਾਈਆ ਮੁਸ਼ਕਲਾਂ ਵਿਚ ਵੀ ਆਪਣੇ ਇਰਾਦੇ ਨੂੰ ਦ੍ਰਿੜ੍ਹ ਬਣਾਈ ਰੱਖਦਾ ਸੀ। ਭਾਈਏ ਦੀ ਹਿੰਮਤ, ਦਲੇਰੀ ਤੋਂ ਮਾਧੋਪੁਰੀ ਨੂੰ ਵੀ ਸਮੱਸਿਆਵਾਂ ਨੂੰ ਨਜਿੱਠਣ ਦੀ ਪ੍ਰੇਰਨਾ ਮਿਲਦੀ। ਜਿਵੇਂ ਛਾਂਗਿਆਂ ਰੁੱਖ ਵਿਚ ਪੇਸ਼ ਹੈ:

ਮੇਰੇ ਹੌਸਲੇ ਨੂੰ ਢਾਹ ਲਾਉਣ ਵਾਲਾ ਇੱਕ ਨਵਾਂ ਸਿਲਸਿਲਾ ਸਾਹਮਣੇ ਆ ਗਿਆ। ਝੋਰਾ ਹੁੰਦਾ - ਨਵੇਂ ਸਕੂਲ ਵਿਚ ਬੱਚਿਆਂ ਦੇ ਦਾਖ਼ਲੇ ਉੱਤੇ ਹਜ਼ਾਰਾਂ ਰੁਪਏ ਲੱਗੇ - ਹੁਣ ਤਿੰਨਾਂ ਮਹੀਨਿਆਂ ਬਾਅਦ ਫਿਰ ਘਰੋਂ-ਬੇਘਰ। ਉਧਾਰ ਕਿੱਥੋਂ ਚੁੱਕੀ ਜਾਵਾਂ। ਮੈਨੂੰ ਭਾਈਆ ਯਾਦ ਆਉਂਦਾ - ਸਮੱਸਿਆਵਾਂ ਤੇ ਮਜਬੂਰੀਆਂ ਦੌਰਾਨ ਉਹਦਾ ਦ੍ਰਿੜ੍ਹ ਇਰਾਦਾ - ਉਹਦੇ ਵੱਲੋਂ ਚੁੱਕੇ ਉਧਾਰ-ਕਰਜ਼ੇ ਤੇ ਕਮਾਈ ; ਖੂਹ ਦੀ ਮਿੱਟੀ ਖੂਹ! ਉਹਦੀ ਸੂਰਮਗਤੀ ਤੇ ਪੱਕੇ ਇਰਾਦੇ ਤੋਂ ਮੈਨੂੰ ਅੱਗੇ ਵਧਣ ਦੀ ਹਿੰਮਤ ਮਿਲਦੀ ਕਿ ਮੈਨੂੰ ਤਾਂ ਬੱਝਵੀਂ ਤਨਖ਼ਾਹ ਮਿਲਦੀ ਹੈ।[28]

## 1.12. ਭਾਰਤ ਵਿੱਚ ਦਲਿਤ ਵਰਗ ਵੰਡ ਅਤੇ ਸੰਘਰਸ਼

ਭਾਰਤੀ ਸਮਾਜ ਵਿੱਚ ਰਾਜਨੀਤੀ ਤੇ ਸਾਹਿਤ ਆਦਿ ਵਿੱਚ ਦਲਿਤ ਨਾਲ ਸੰਬੰਧਿਤ ਬਹੁਤ ਸਾਰੇ ਮੁੱਦਿਆਂ 'ਤੇ ਗੰਭੀਰ ਵਿਵਾਦ ਛਿੜਿਆ ਹੋਇਆ ਹੈ। ਇਸ ਵਿਵਾਦ ਵਿੱਚ ਦਲਿਤ ਵਰਗ ਦੀ ਅਸਪਸ਼ਟਤਾ ਤੇ ਦਲਿਤ ਵਰਗ ਵੰਡ ਤੇ ਉਨ੍ਹਾਂ ਵੱਲੋਂ ਸਮਾਜ ਵਿੱਚ ਸੰਘਰਸ਼ ਦਾ ਉੱਲੇਖ ਕੀਤਾ ਹੈ। ਭਾਰਤੀ ਸਮਾਜ ਵਿੱਚ ਜਮਾਤੀ ਤੇ ਜਾਤੀ ਵੰਡ ਸਮਾਜ ਦੀ ਅਸਲੀਅਤ ਦੇ ਮੁੱਖ ਪਹਿਲੂ ਹਨ। ਇਨ੍ਹਾਂ ਪਹਿਲੂਆਂ ਵਿਚੋਂ ਕਿਸੇ ਇੱਕ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਭਾਰਤ ਵਰਗੇ ਦੇਸ਼ ਵਿੱਚ ਵਰਗ ਵੰਡ ਕੁੱਝ ਕੁ ਸਾਲਾਂ ਤੋਂ ਹੀ ਨਹੀਂ ਬਲਕਿ ਕਈ ਸਦੀਆਂ ਤੋਂ ਚਲਦੀ ਆ ਰਹੀ ਹੈ। ਜਿਸ ਵਿੱਚ ਊਚ-ਨੀਚ, ਭੇਦ-ਭਾਵ, ਛੂਤ-ਛਾਤ ਆਦਿ ਵਿਵਾਦ ਸਨਮੁੱਖ ਹੁੰਦੇ ਹਨ। ਦਲਿਤ ਵਰਗ ਦਾ ਆਪਣੇ ਤੋਂ ਉੱਚੀਆਂ ਜਾਤੀਆਂ ਨਾਲ ਮੁੱਢ ਤੋਂ ਹੀ ਸੰਘਰਸ਼ ਚੱਲਦਾ ਆ ਰਿਹਾ ਹੈ। ਦਲਿਤ ਵਰਗ ਨੂੰ ਮੁੱਢ ਤੋਂ ਦਬਾਅ ਤੇ ਤਣਾਉ ਵਿੱਚ ਰੱਖਿਆ ਗਿਆ। ਜਿਸ ਦੇ ਵਿਰੋਧ ਵਿੱਚ ਦਲਿਤ ਵਰਗ ਨੇ ਸਵਰਨ ਜਾਤੀਆਂ ਤੇ ਸ਼ੋਸ਼ਕ ਸ਼ਕਤੀਆਂ ਵਿਰੁੱਧ ਸੰਘਰਸ਼ ਜਾਰੀ ਰੱਖਿਆ। ਇਸੇ ਹੀ ਸੰਘਰਸ਼ ਦੇ ਨਤੀਜੇ ਵਜੋਂ ਦਲਿਤ ਸਾਹਿਤ, ਵੇਦਾਂ ਤੇ ਦੇਵੀ ਸ਼ਕਤੀਆਂ ਨੂੰ ਨਹੀਂ ਮੰਨਦਾ। ਉਨ੍ਹਾਂ ਅਨੁਸਾਰ ਨਾ ਹੀ ਕੋਈ ਸੱਚਾ ਪੁਰਸ਼ ਹੈ, ਨਾ ਹੀ ਕੋਈ ਸੱਚਾ ਬਚਨ ਕਿਉਂਕਿ ਵੇਦ ਗਿਆਨ ਦੇ ਦਸਤਾਵੇਜ਼ ਵਿੱਚ ਸ਼ਾਮਿਲ ਨਿਰਦੇਸ਼ ਦਲਿਤ ਵਿਰੋਧੀ ਹਨ ਜਿਸ ਕਾਰਨ ਦਲਿਤ ਵਰਗ ਵੱਲੋਂ ਸਵੀਕਾਰ ਨਹੀਂ ਕੀਤੇ ਗਏ। ਦਲਿਤ ਚਿੰਤਨ ਵੇਦਾਂ ਨੂੰ ਪ੍ਰਮਾਣਿਕ ਨਹੀਂ ਮੰਨਦੇ, ਨਾ ਹੀ ਉਹ ਇਨ੍ਹਾਂ ਵਿੱਚ ਆਸਥਾ ਰੱਖਦੇ ਹਨ ਕਿਉਂਕਿ ਦਲਿਤ ਚਿੰਤਕਾਂ ਦਾ ਇਹ ਦਾਅਵਾ ਹੈ ਕਿ ਵੇਦਾਂ ਵਿੱਚ ਸ਼ਾਮਿਲ ਵਰਜ

ਨਾਵਾਂ ਸਵਰਨ ਜਾਤੀਆਂ ਜਾਂ ਬ੍ਰਾਹਮਣ ਮਾਨਸ ਦੀ ਹੀ ਉਪਜ ਹਨ। ਇਸ ਲਈ ਦਲਿਤ ਚਿੰਤਨ ਬ੍ਰਾਹਮਣਾਂ ਨਾਲ ਇਹ ਪ੍ਰਸ਼ਨ ਕਰਦਾ ਹੈ;

ਜੇਕਰ ਵੇਦਾਂ ਵਿੱਚ ਲਿਖਿਆ ਹੁੰਦਾ

ਬ੍ਰਾਹਮਣ, ਬ੍ਰਹਮਾ ਦੇ ਪੈਰਾਂ ਤੋਂ,

ਹੋਏ ਹਨ ਪੈਦਾ

ਉਨ੍ਹਾਂ ਨੂੰ ਸੰਸਕਾਰਾਂ ਦਾ ਅਧਿਕਾਰ ਨਹੀਂ।

ਤਦ

ਤੁਹਾਡੀ ਨਿਸ਼ਠਾ ਕੀ ਹੁੰਦੀ?[29]

ਦਲਿਤ ਸਮਾਜ ਨੂੰ ਵੇਦਾਂ ਵਿਚਲੀਆਂ ਦਲਿਤ ਵਿਰੋਧੀ ਧਾਰਨਾਵਾਂ ਕਾਰਨ ਵੇਦਾਂ ਤੇ ਵਿਸ਼ਵਾਸ ਤੇ ਆਸਥਾ ਨਹੀਂ ਰਹੀ। ਵੇਦ ਦਲਿਤ ਵਿਰੋਧੀ ਹਨ ਕਿਉਂਕਿ ਵੇਦਾਂ ਤੇ ਅਧਾਰ ਤੇ ਸਮਾਜ ਵਿਚ ਵਰਗ ਵੰਡ ਕੀਤੀ ਗਈ। ਸੂਦਰਾਂ ਨੂੰ ਬ੍ਰਹਮਾ ਦੇ ਪੈਰਾਂ ਤੋਂ ਪੈਦਾ ਹੋਇਆ ਮੰਨਿਆ ਗਿਆ ਤੇ ਸੂਦਰਾਂ ਨੂੰ ਬ੍ਰਾਹਮਣਾਂ ਦੇ ਸੇਵਾਦਾਰ ਬਣਾਇਆ ਗਿਆ ਤੇ ਵੇਦਾਂ ਅਨੁਸਾਰ ਬ੍ਰਾਹਮਣ, ਬ੍ਰਹਮਾ ਦੇ ਸਿਰ ਤੋਂ ਪੈਦਾ ਹੋਏ ਹਨ। ਦਲਿਤ ਵਰਗ ਇਸ ਵਰਗ ਵੰਡ ਦੀ ਵਿਰੋਧਤਾ ਕਰਦੇ ਹਨ ਕਿਉਂਕਿ ਜਿੰਨੇ ਵੀ ਵੇਦ ਰਚੇ ਗਏ, ਉਪਨਿਸ਼ਦ ਰਚੇ ਗਏ, ਉਨ੍ਹਾਂ ਸਾਰਿਆ ਦੇ ਰਚਨਹਾਰੇ ਬ੍ਰਾਹਮਣ ਸਨ। ਜਿਨ੍ਹਾਂ ਨੇ ਆਪਣੇ ਆਪ ਨੂੰ ਉੱਚਾ ਤੇ ਮਹਾਨ ਦੱਸਿਆ ਤੇ ਨਿਮਨ ਵਰਗ ਜਾਂ ਨੀਵੀਂਆਂ ਜਾਤੀਆਂ ਨੂੰ ਆਪਣਾ ਸੇਵਾਦਾਰ ਬਣਾਇਆ। ਮਨੂ ਸਮ੍ਰਿਤੀ ਦੁਆਰਾ ਕੀਤੀ ਵਰਗ ਵੰਡ ਵਿਰੁੱਧ ਦਲਿਤ ਵਰਗ ਨੇ ਸਮਾਜ ਵਿੱਚ ਇੱਕ ਬਰਾਬਰ ਹੱਕਾਂ ਦੀ ਮੰਗ ਲਈ ਸੰਘਰਸ਼ ਕੀਤਾ, ਵੇਦ ਪੁਰਾਣ ਉਪਨਿਸ਼ਦਾਂ ਦਾ ਵਿਰੋਧ ਕੀਤਾ।

ਐੱਨ.ਆਰ.ਸਾਗ ਬ੍ਰਾਹਮਣ ਅਤੇ ਉਸਦੇ ਮਨੁੱਖ ਦੀਆਂ ਇਨ੍ਹਾਂ ਸਾਰੀਆਂ ਉਤਪਤੀਆਂ ਨੂੰ ਝੂਠਾ ਕਰਾਰ ਦਿੰਦੇ ਹਨ।

ਤੂੰ ਝੂਠਾ

ਤੇਰਾ ਈਸ਼ਵਰ ਝੂਠਾ

ਵੇਦ ਪੁਰਾਣ

**ਉਪਨਿਸ਼ਦ ਝੂਠੇ।**[30]

**ਦਲਿਤ ਵਰਗ ਨੇ ਜਦੋਂ ਸਮਾਜ ਬਰਾਬਰੀ ਦਾ ਨਾਅਰਾ ਲਾਇਆ, ਵਰਗ ਰਹਿਤ ਸਮਾਜ ਦੀ ਕਲਪਨਾ ਕੀਤੀ ਉਦੋਂ ਸਵਰਨ ਜਾਤੀਆਂ, ਬ੍ਰਾਹਮਣ ਜਾਤੀਆਂ ਨੇ ਵੇਦਾਂ ਉਪਨਿਸ਼ਦਾਂ ਦਾ ਪਾਠ ਪੜ੍ਹਾਇਆ। ਦਲਿਤ ਵਰਗ ਨੂੰ ਇਹ ਝੂਠੀ ਤਸੱਲੀ ਦਿੱਤੀ ਕਿ ਉਹ ਤੁਹਾਡੇ ਪਿਛਲੇ ਜਨਮ ਦਾ ਕਰਮ ਹੈ। ਦਲਿਤ ਵਰਗ ਇਸ ਕਰਮਵਾਦ ਦੀ ਵਿਰੋਧਤਾ ਕਰਦੇ ਹਨ। ਦਲਿਤ ਵਰਗ ਨੂੰ ਅਕਸਰ ਕਰਮ ਤੇ ਕਿਰਤ ਦਾ ਪਾਠ ਪੜ੍ਹਾਇਆ ਪਰ ਫਲ ਬਾਰੇ ਕਿਸੇ ਨੇ ਜ਼ਿਕਰ ਹੀ ਨਹੀਂ ਕੀਤਾ। ਮਿਹਨਤ ਦਲਿਤ ਵਰਗ ਕਰੇ ਤੇ ਫਲ ਕੋਈ ਹੋਰ ਲੈਂਦਾ ਰਿਹਾ। ਜਿਸ ਕਰ ਕੇ ਦਲਿਤ ਵਰਗ ਦੀ ਆਰਥਿਕ ਹਾਲਤ ਮਾੜੀ ਹੀ ਰਹੀ। ਦਲਿਤ ਵਰਗ ਕਰਮ ਤੇ ਕਿਰਤ ਤੱਕ ਸੀਮਤ ਹੋਣ ਕਰ ਕੇ ਕਈ ਦਲਿਤ ਕਵੀਆਂ ਦਾ ਮੰਨ ਆਕ੍ਰੋਸ਼ ਨਾਲ ਭਰਿਆ ਪਿਆ ਹੈ।**

**ਡਾ.ਐੱਨ. ਸਿੰਘ ਦੀਆਂ ਇਹ ਕਾਵਿ-ਸਤਰਾਂ ਦਲਿਤ ਸਾਹਿਤ ਦੀ ਇਸ ਭਾਵਨਾ ਦਾ ਉੱਲੇਖ ਕਰਦੀਆਂ ਹਨ;**

**ਮੇਰੇ ਹੱਥ ਦੀ**

**ਕਹੀ**

**ਧਰਤੀ ਉੱਪਰ ਨੀਂਹ ਪੁੱਟਣ ਤੋਂ ਪਹਿਲਾਂ**

**ਕਬਰ ਪੁਟੇਗੀ**

**ਉਸ ਵਿਵਸਥਾ ਦੀ**

**ਜਿਸ ਦੇ ਸੰਵਿਧਾਨ 'ਚ ਲਿਖਿਆ ਹੈ।**

**ਤੇਰਾ ਅਧਿਕਾਰ ਸਿਰਫ**

**ਕਰਮ 'ਚ ਹੈ**

**ਕਿਰਤ 'ਚ ਹੈ**

**ਫ਼ਲ ਉੱਪਰ ਤੇਰਾ ਅਧਿਕਾਰ ਨਹੀਂ।**[31]

ਦਲਿਤ ਵਰਗ ਨੂੰ ਉਨ੍ਹਾਂ ਦੇ ਸਮਾਜਿਕ ਸਥਿਤੀ  ਮੁਤਾਬਿਕ ਕੰਮ ਧੰਦੇ ਹਿੱਸੇ ਆਏ ਜਿਵੇਂ ਮਰੇ ਪਸ਼ੂ ਚੁੱਕਣੇ, ਰੱਥ ਖਿੱਚਣਾ, ਪਾਣੀ ਭਰਨਾ ਆਦਿ ਉੱਚੇ ਵਰਗ ਦੇ ਲੋਕ ਦਲਿਤ ਵਰਗ ਤੋਂ ਇਹ ਕੰਮ ਕਰਵਾਉਂਦੇ ਤੇ ਨਾਲ ਦੀ ਨਾਲ ਉਨ੍ਹਾਂ ਨੂੰ ਦੁਰਕਾਰਦੇ, ਫਿਟਕਾਰਦੇ, ਅਣਗੋਲਦੇ ਤੇ ਉਨ੍ਹਾਂ ਦਾ ਨਿਰਾਦਰ ਕਰਦੇ। ਜਿਨ੍ਹਾਂ ਨਾਲ ਦਲਿਤ ਵਰਗ ਦਾ ਸਵੈ ਵਿਸ਼ਵਾਸ ਤੋਂ ਯਕੀਨ ਉੱਠ ਗਿਆ। ਲਾਲ ਸਿੰਘ ਦਿਲ ਆਪਣੀਆਂ ਕਾਵਿ ਸਤਰਾਂ ਵਿੱਚ ਇਸੇ ਦੀ ਹੀ ਇੱਕ ਝਲਕ ਪੇਸ਼ ਕਰਦਾ ਹੈ;

ਉਸ ਬੰਦੇ ਨੂੰ ਕਿਤੇ ਵੇਖੋ

ਜੋ ਦਿਨ ਰਾਤ ਭਾਰਾ ਰੱਥ ਖਿੱਚਦਾ ਹੈ

ਉਸ ਦੇ ਕੰਨਾਂ 'ਚ ਰਾਮ ਵੇਲੇ ਦਾ ਢਲਿਆ ਸਿੱਕਾ ਹੈ

ਉਸ ਦੇ ਪਿੰਡੇ 'ਤੇ ਉਨ੍ਹਾਂ ਬੈਂਤਾਂ ਦੀਆਂ ਲਾਸਾਂ ਹਨ।[32]

ਦਲਿਤ ਵਰਗ ਦੇ ਸੰਘਰਸ਼ ਵਜੋਂ ਬਹੁਤ ਸਾਰੇ ਬੁੱਧੀਜੀਵੀ ਚਿੰਤਕਾਂ ਨੇ ਆਪਣਾ ਸਹਿਯੋਗ ਦਿੱਤਾ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਦਲਿਤ ਵਰਗ ਦੀ ਤ੍ਰਾਸਦੀ ਨੂੰ ਪੇਸ਼ ਕੀਤਾ।

ਸੰਤ ਰਾਮ ਉਦਾਸੀ ਤੇ ਪਾਸ਼ ਵਰਗੇ ਕਵੀਆਂ ਨੇ ਦਲਿਤ ਵਰਗ ਦੇ ਤ੍ਰਾਸਦਿਕ ਜੀਵਨ ਨੂੰ ਬੜੀ ਹੀ ਨੂੜਿਓ ਬਿਆਨਿਆਂ। ਪਾਸ਼ ਦੀਆਂ ਕਾਵਿ ਸਤਰਾਂ ਵਿੱਚ ਦਲਿਤ ਵਰਗ ਦੀ ਤ੍ਰਾਸਦੀ ਨੂੰ ਵੇਖਿਆ ਜਾ ਸਕਦਾ ਹੈ;

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਏਗਾ

ਐਥੇ ਹੀ ਕਿਤੇ ਉਰੇ ਪਰ੍ਹੇ ਬੰਨਿਆਂ ਤੋਂ ਘਾਹ ਖੋਤੇਗਾ

ਰੁਖੀਆਂ ਮਿਸੀਆਂ ਰੋਟੀਆਂ ਢੋਇਆ ਕਰੇਗਾ

ਤੇ ਮੈਲੀਆਂ ਚੁੰਨ੍ਹੀਆਂ ਭਿਉਂ ਕੇ

ਲੋਆਂ ਨਾਲ ਲੂਸੇ ਚਿਹਰਿਆਂ ਤੇ ਫੇਰੇਗਾ

ਐਥੇ ਹੀ ਕਿਤੇ ਉਰੇ ਪਰੇ ਲੁਕ ਕੇ

ਕਲਮ ਕੱਲਿਆ ਰੋਇਆ ਕਰੇਗਾ

ਸਰਾਪੇ ਜੋਬਨਾਂ ਦੇ ਮਰਸੀਏ ਗਾਇਆ ਕਰੇਗਾ।[33]

ਭਾਰਤ ਵਿੱਚ ਵਰਗ ਵੰਡ ਦਾ ਇਤਿਹਾਸ ਬਹੁਤ ਪੁਰਾਣਾ ਹੈ। ਮੁੱਢ ਤੋਂ ਹੀ ਦਲਿਤ ਵਰਗ ਨੂੰ ਸ਼ੋਸ਼ਕ ਵਰਗ ਵਲੋਂ ਲਿਤਾੜਿਆ ਗਿਆ ਜਿਸ ਦੇ ਵਿਰੋਧ ਵਿੱਚ ਬਹੁਤ ਸਾਰੇ ਦਲਿਤ ਕਵੀਆਂ ਨੇ ਅਵਾਜ਼ ਉਠਾਈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ 'ਤੇ ਅਤਿਆਚਾਰ ਹੋਏ ਤਾਂ ਉਸ ਦਾ ਵਿਰੋਧ ਇੱਕ ਕ੍ਰਾਂਤੀ ਦੇ ਰੂਪ ਵਿੱਚ ਹੋਇਆ। ਸਮਾਜ ਵਿੱਚ ਵਰਗ ਵੰਡ ਤੇ ਇੱਕ ਬਰਾਬਰੀ ਸਮਾਜ ਨਾ ਹੋਣ ਕਾਰਨ ਸਮਾਜ ਮੁੱਢ ਹੀ ਖਿੱਚੋਤਾਣ ਵਾਲੀ ਅਵਸਥਾ ਵਿੱਚ ਰਿਹਾ ਹੈ।

## 1.13. ਪੰਜਾਬ ਵਿੱਚ ਦਲਿਤ ਵਰਗ ਵੰਡ ਅਤੇ ਸੰਘਰਸ਼

ਪੰਜਾਬ ਵਿੱਚ ਦਲਿਤ ਸਰੋਕਾਰਾਂ, ਮੁੱਦਿਆਂ ਜਾਂ ਪੰਜਾਬ ਨੂੰ ਦਲਿਤ ਦ੍ਰਿਸ਼ਟੀ ਤੋਂ ਦੇਖਣ ਤੋਂ ਪਹਿਲਾ ਇਹ ਦੱਸਣਾ ਅਤਿ ਜ਼ਰੂਰੀ ਸਮਝਦਾ ਹੈ ਕਿ ਜਿਸ ਪੰਜਾਬ ਦੀ ਗੱਲ ਹਥਲੇ ਖੋਜ ਕਾਰਜ ਵਿੱਚ ਹੋ ਰਹੀ ਹੈ ਉਹ ਚੜ੍ਹਦਾ ਪੰਜਾਬ ਹੈ। 1947 ਦੀ ਭਾਰਤ-ਪਾਕਿ ਵੰਡ ਦੌਰਾਨ ਪੰਜਾਬ ਵੀ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਇੱਕ ਪੱਛਮੀ ਪੰਜਾਬ ਤੇ ਇੱਕ ਪੂਰਬੀ ਪੰਜਾਬ। ਸੋ ਹਥਲਾ ਖੋਜ ਕਾਰਜ ਵਿੱਚ ਪੂਰਬੀ ਪੰਜਾਬ ਦੀ ਗੱਲ ਹੋ ਰਹੀ ਹੈ। ਪੰਜਾਬ ਦਾ ਖੇਤਰ ਬਹੁਤ ਵਿਸ਼ਾਲ ਸੀ। ਪਰ ਸਮੇਂ-ਸਮੇਂ ਤੇ ਹੋਈਆਂ ਭੂਗੋਲਿਕ ਵੰਡੀਆਂ ਕਾਰਨ ਪੰਜਾਬ ਦਾ ਘੇਰਾ ਸੀਮਤ ਰਹਿ ਗਿਆ। ਪੰਜਾਬ ਨੂੰ ਮਾਝਾ, ਮਾਲਵਾ, ਦੁਆਬਾ ਤੇ ਪੁਆਧ ਚਾਰ ਭਾਗਾਂ ਵਿੱਚ ਵੰਡਿਆ ਗਿਆ। ਇੰਨਾ ਚਾਰਾਂ ਭਾਗਾਂ ਦੀ ਆਪੋ-ਆਪਣੀ ਵੱਖਰੀ ਪਛਾਣ ਹੈ। ਇਨ੍ਹਾਂ ਦਾ ਆਪਣਾ ਸਮਾਜਿਕ, ਆਰਥਿਕ, ਭਿੰਨਤਾਵਾਂ ਹਨ। ਇਨ੍ਹਾਂ ਵੱਖਰਤਾਵਾਂ ਦੇ ਨਾਲ-ਨਾਲ ਇਨ੍ਹਾਂ ਤਿੰਨਾਂ ਭਾਗਾਂ ਦਾ ਆਪਣਾ ਇੱਕ ਸਾਂਝਾ ਸਭਿਆਚਾਰ ਵੀ ਹੈ। ਪੂਰਬੀ ਪੰਜਾਬ ਦਾ ਨਿਵੇਕਲਾ ਸੰਗਠਨ ਬੋਲੀ ਦੇ ਪੱਧਰ 'ਤੇ ਹੋਇਆ। ਇਹੀ ਕਾਰਨ ਹੈ ਕਿ ਕੁੱਝ ਛੋਟੀਆਂ ਸੋਚਾਂ ਨੇ ਪੰਜਾਬ ਨੂੰ ਤੇ ਪੰਜਾਬੀ ਭਾਸ਼ਾ ਨੂੰ ਸਿੱਖਾਂ ਦੀ ਭਾਸ਼ਾ ਤੇ ਰਾਜ ਸਮਝ ਲਿਆ ਹੈ। ਬਾਕੀ ਬਲਦੀ 'ਤੇ ਤੇਲ ਪਾਉਣ ਵਾਲਾ ਕੰਮ ਭਾਸ਼ਾ ਨੂੰ ਧਰਮ ਨਾਲ ਜੋੜਨ ਵਾਲਿਆਂ ਨੇ ਕਰ ਦਿੱਤਾ। ਜਦਕਿ ਧਰਮ ਦੇ ਪੈਰੋਕਾਰਾਂ ਨੇ ਜਾਤ-ਪਾਤ ਨੂੰ ਨਿੰਦਿਆ ਹੈ। ਗੁਰੂ ਸਾਹਿਬਾਨਾਂ ਨੇ ਵੀ ਜਾਤ-ਪਾਤ ਦੀ ਭਰਵੀਂ ਵਿਰੋਧਤਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਉੱਤੇ ਕਰਾਰੀ ਚੋਟ ਮਾਰਦਿਆਂ ਕਿਹਾ ਕਿ;

"ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।

ਇਸ ਗਰਬ ਤੇ ਚਲਹਿ ਬਹੁਤਿ ਵਿਕਾਰਾ।"

ਭਗਤ ਨਾਮਦੇਵ ਜੀ ਨੇ ਵੀ ਜਾਤ-ਪਾਤ ਦੇ ਕਲੰਕ ਨੂੰ ਭੰਡਿਆ ਹੈ।

"ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।।

ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ।।"

ਗੁਰੂ ਸਹਿਬਾਨਾਂ ਤੇ ਭਗਤੀ ਲਹਿਰ ਦੇ ਬਾਨੀਆਂ ਨੇ ਜਾਤ-ਪਾਤ ਦੇ ਕੋਹੜ ਨੂੰ ਵੱਢਣ ਲਈ ਬਹੁਤ ਸਾਰੀ ਬਾਣੀ ਰਚੀ ਪਰ ਅੱਜ ਵੀ ਪੰਜਾਬ ਨੂੰ ਜਾਤ-ਪਾਤ ਦੇ ਕੋਹੜ ਤੋਂ ਮੁਕਤ ਨਹੀਂ ਕੀਤਾ ਜਾ ਸਕਿਆ। ਊਚ-ਨੀਚ, ਭੇਦ-ਭਾਵ ਵਾਲਾ ਰਵੱਈਆ ਰੱਖਣ ਨਾਲ ਪੰਜਾਬ ਵਿੱਚ ਬਹੁਤ ਸਾਰੀ ਜਾਤਾਂ ਨੇ ਜਨਮ ਲੈ ਲਿਆ। ਜਿਹੋ ਜਿਹੇ ਪੰਜਾਬ ਦੇ ਵਸਨੀਕਾਂ ਨੇ ਰੁਜ਼ਗਾਰ ਦੇ ਧੰਦੇ ਅਪਣਾਏ ਉਨ੍ਹਾਂ ਧੰਦਿਆਂ 'ਤੇ ਅਧਾਰਿਤ ਜਾਤਾਂ ਸਿਰਜੀਆਂ ਗਈਆਂ। ਜਿਵੇਂ ਚਮੜੇ ਦਾ ਕੰਮ ਕਰਨ ਵਾਲੇ ਨੂੰ ਚਮਾਰ, ਸੋਨੇ ਦਾ ਕੰਮ ਕਰਨ ਵਾਲੇ ਨੂੰ ਸੁਨਿਆਰ, ਲੋਹੇ ਦਾ ਕੰਮ ਕਰਨ ਵਾਲੇ ਨੂੰ ਲੁਹਾਰ, ਭਾਂਡੇ ਬਣਾਉਣ ਵਾਲੇ ਨੂੰ ਘੁਮਿਆਰ, ਭਾਂਡੇ ਕਲੀ ਕਰਨ ਵਾਲੇ ਨੂੰ ਠਠਿਆਰ ਆਦਿ ਜਾਤਾਂ ਕੰਮ ਦੇ ਅਧਾਰ ਬਣਾਈਆਂ ਗਈਆਂ। ਇਸ ਤੋਂ ਇਲਾਵਾ ਪੰਜਾਬ ਵਿੱਚ ਝਿਊਰ, ਨਾਈ, ਰਾਮਦਾਸੀਏ, ਰਾਮਗੜ੍ਹੀਏ, ਜੱਟ, ਖੱਤਰੀ, ਵਾਲਮੀਕੀ, ਮਜ਼ਬੀ ਆਦਿ ਜਾਤਾਂ ਦੇ ਲਈ ਵੀ ਕੰਮ ਨਿਸ਼ਚਤ ਹਨ।

ਸਿੱਖ ਧਰਮ ਜੋ ਕਿ ਜਾਤ-ਪਾਤ ਤੋਂ ਮੁਕਤ ਧਰਮ ਹੈ ਪਰ ਅਜੋਕੇ ਦੌਰ ਵਿੱਚ ਸਿੱਖ ਧਰਮ ਵਿੱਚ ਵੀ ਜਾਤ-ਪਾਤ ਦੇਖੀ ਜਾ ਸਕਦੀ ਹੈ। ਜਿਹੜੀਆਂ ਨੀਵੀਂਆਂ ਜਾਤੀਆਂ ਦੇ ਲੋਕ ਨੇ ਸਿੱਖ ਧਰਮ ਨੂੰ ਅਪਣਾਇਆ, ਉਨ੍ਹਾਂ ਦਾ ਜਾਤ-ਪਾਤ ਨੇ ਪਿੱਛਾ ਨਹੀਂ ਛੱਡਿਆ। ਇਸ ਲਈ ਅੱਜ ਵੀ ਸਾਡੇ ਸਮਾਜ ਵਿੱਚ ਜੱਟ-ਸਿੱਖ, ਮਜ਼੍ਹਬੀ-ਸਿੱਖ, ਰਾਮਦਾਸੀਏ-ਸਿੱਖ, ਰਾਮਗੜ੍ਹੀਏ-ਸਿੱਖ, ਵਾਲਮੀਕੀ-ਸਿੱਖ ਆਦਿ ਨਾਵਾਂ ਨਾਲ ਜਾਣੇ ਜਾਂਦੇ ਹਨ। ਮਜ਼੍ਹਬੀ, ਰਾਮਦਾਸੀਏ, ਵਾਲਮੀਕੀ, ਚਮਾਰ ਆਦਿ ਨੀਵੀਂਆਂ ਜਾਤੀਆਂ ਜੱਟਾਂ, ਅਰੋੜਿਆਂ, ਖੱਤਰੀਆਂ, ਤੋਂ ਨੀਵੀਂਆਂ ਸਮਝੀਆਂ ਜਾਂਦੀਆਂ ਹਨ। ਚਮਾਰ, ਮਜ਼੍ਹਬੀ, ਰਾਮਦਾਸੀਏ ਆਦਿ ਛੋਟੀਆਂ ਜਾਤਾਂ ਦੇ ਲੋਕਾਂ ਨੇ ਸਿੱਖ ਧਰਮ ਨੂੰ ਅਪਣਾਉਣ ਤੋਂ ਬਾਅਦ ਆਪਣਾ ਮੂਲ ਕਿੱਤਾ ਕਰਨਾ ਛੱਡ ਦਿੱਤਾ ਪਰ ਫਿਰ ਵੀ ਸਮਾਜ ਵਿੱਚ ਉਨ੍ਹਾਂ ਨੂੰ ਪੁਰਾਣੇ ਨਾਂਵ (ਚਮਾਰ, ਚੂਹੜਾ) ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਅਸਲ ਵਿੱਚ ਪੰਜਾਬ ਵਿੱਚ ਜਾਂ ਕਿਸੇ ਵੀ ਰਾਜ ਵਿੱਚ ਜਾਤ-ਪਾਤ ਨੂੰ ਬੜ੍ਹਾਵਾ ਦੇਣ ਦਾ ਮੁੱਖ ਕਾਰਨ ਆਰਥਿਕ ਤੇ ਰਾਜਨੀਤਿਕ ਚੌਧਰ ਹੈ। ਜਿਸ ਸਮਾਜ ਵਿੱਚ ਜਿਸ ਕੋਲ ਆਰਥਿਕ ਸਾਧਨਾਂ ਦੀ ਬਹੁਤਾਤ ਹੈ ਉਹ ਸਮਾਜ ਵਿੱਚ ਸਤਿਕਾਰ ਦਾ ਪਾਤਰ ਬਣਦਾ ਹੈ ਤੇ ਜਿਸ ਕੋਲ ਆਰਥਿਕ ਸਾਧਨ ਘੱਟ ਹਨ ਉਹ ਨੀਵੇਂ ਜਾਂ ਨਿਰਾਦਰ ਦੇ ਪਾਤਰ ਬਣਦੇ ਹਨ। ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ। ਇੱਥੋਂ ਦੀ ਭੂਗੋਲਿਕ ਵਿਵਸਥਾ ਪੰਜਾਬੀਆਂ ਨੂੰ ਖੇਤੀ ਕਰਨ ਦੀ ਪੂਰੀ ਤਰ੍ਹਾਂ ਖੁੱਲ੍ਹ ਦਿੰਦੀ ਹੈ। ਪੰਜਾਬ ਵਿੱਚ

ਜਿਸ ਕੋਲ ਭੂਮੀ ਸਾਧਨ ਉਪਲਬਧ ਹਨ ਉਹ ਆਰਥਿਕ ਪੱਖੋਂ ਖ਼ੁਸ਼ਹਾਲ ਹੋ ਗਏ। ਜਿਨ੍ਹਾਂ ਲੋਕਾਂ ਕੋਲ ਨਾ ਤਾਂ ਖੇਤੀਯੋਗ ਜ਼ਮੀਨ ਹੈ ਤੇ ਨਾ ਹੀ ਕੋਈ ਰੁਜ਼ਗਾਰ ਦੇ ਸਾਧਨ ਹਨ। ਉਹ ਬੇਰੁਜ਼ਗਾਰ ਜੱਟਾਂ ਦੇ ਖੇਤਾਂ ਦੇ ਸੀਰੀ ਬਣ ਜਾਂਦੇ ਹਨ। ਭੂਮੀਹੀਣ ਜਾਤੀਆਂ ਨੂੰ ਜੱਟਾਂ ਦੇ ਖੇਤਾਂ ਵਿੱਚ ਰੁਜ਼ਗਾਰ ਤਾਂ ਮਿਲ ਜਾਂਦਾ ਪਰ ਊਚ-ਨੀਚ, ਭੇਦ-ਭਾਵ ਤੇ ਭਿੱਟ ਦਾ ਕਲੰਕ ਉਨ੍ਹਾਂ ਦੇ ਮੱਥੇ 'ਤੇ ਲੱਗ ਜਾਂਦਾ। ਸਾਰੀ ਉਮਰ ਉਹ ਖੇਤ ਮਾਲਕਾਂ ਦੇ ਥੱਲੇ ਲੱਗ ਕੇ ਰਹਿੰਦੇ ਹਨ। ਬਲਵੰਤ ਗਾਰਗੀ ਨੇ ਆਪਣੇ ਨਾਟਕ 'ਕਣਕ ਦੀ ਬੱਲੀ' ਵਿੱਚ ਇਹੋ ਜਿਹੇ ਪੰਜਾਬ ਦੀ ਹੀ ਝਲਕ ਨਜ਼ਰ ਪੈਂਦੀ ਹੈ। ਜਾਗੀਰਦਾਰ ਗੱਜਣ ਸਿੰਘ ਆਪਣੇ ਨੌਕਰ ਛੰਡੂ ਨਾਲ ਬੜੇ ਹੀ ਨਿਰਾਦਰ ਤੇ ਤ੍ਰਿਸਕਾਰ ਭਰਿਆ ਵਿਵਹਾਰ ਕਰਦਾ ਹੈ ਤੇ ਛੰਡੂ ਉਸ ਨੂੰ ਮੋਤੀਆਂ ਵਾਲਿਓ, ਮਾਲਕੋਂ ਆਦਿ ਸ਼ਬਦਾਂ ਨਾਲ ਸਤਿਕਾਰਦਾ ਹੈ ਪਰ ਗੱਜਣ ਸਿੰਘ ਚਮਾਰ, ਚੂਹੜਿਆ ਆਦਿ ਜਾਤੀ ਸੂਚਕ ਸ਼ਬਦਾਂ ਰਾਹੀਂ ਛੰਡੂ ਨੂੰ ਗਾਲ਼ੀ ਗਲੋਚ ਕਰਦਾ। ਜਾਗੀਰਦਾਰ ਗੱਜਣ ਸਿੰਘ ਛੰਡੂ ਨੂੰ ਗਾਲ਼ੀ ਗਲੋਚ ਹੀ ਨਹੀਂ ਬਲਕਿ ਉਸ ਦੀ ਮਿਹਨਤ ਦੀ ਕਮਾਈ ਦੇਣ ਤੋਂ ਵੀ ਹਿਚਕਚਾਉਂਦਾ ਤੇ ਅਗਲੇ ਦਿਨ ਦਾ ਲਾਰਾ ਲਾ ਕੇ ਗੱਲ ਟਾਲ ਦਿੰਦਾ। ਇਹ ਪੰਜਾਬ ਦੀ ਊਚ-ਨੀਚ ਭੇਦ ਭਾਵ ਨਾਲ ਭਰੇ ਵਾਤਾਵਰਨ ਦੀ ਝਲਕ ਪੇਸ਼ ਕਰਦਾ ਹੈ।

[1] ਕੁਲਵੰਤ ਸਿੰਘ, ਪੰਜਾਬੀ ਵਾਰਤਕ ਸੰਚਾਰ ਅਤੇ ਵਿਵਹਾਰ, ਪੰਨਾ- 23

[2] ਕੁਲਵੰਤ ਸਿੰਘ (ਡਾ.) ਪੰਜਾਬੀ ਵਾਰਤਕ ਸੰਚਾਰ ਅਤੇ ਵਿਵਹਾਰ 23 ਪੇਜ਼

[3] ਧਰਮਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 606

[4] . ਡਾ. ਧਰਮਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਭਵਨ ਲੁਧਿਆਣਾ, 2006, ਪੇਜ਼ ਨੰਬਰ-607

[5] ਡਾ. ਧਰਮਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਭਵਨ ਲੁਧਿਆਣਾ, 2006, ਪੇਜ਼ ਨੰਬਰ- 607

[6] ਡਾ. ਧਰਮ ਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਭਵਨ ਲੁਧਿਆਣਾ, 2006, ਪੇਜ਼ ਨੰਬਰ-608

[7] ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ ਕਸੇਲ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੇਜ਼ ਨੰਬਰ- 665

[8] ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ ਪੰਨਾ ਨੰਬਰ 11

[9] ਗੁਰਦਾਸ ਰਾਮ, ਆਲਮ, ਆਲਮ-ਕਾਵਿ, ਪੰਨਾ ਨੰਬਰ 177, ਉਧਰਿਤ ਰੌਣਕੀ ਰਾਮ, ਪੰਨਾ ਨੰਬਰ- 13-14

[10] ਗਦਰ ਲਹਿਰ ਦੀ ਕਵਿਤਾ, ਪੰਨਾ 117 ਉਦਾਰਿਤ ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ ਪੰਨਾ ਨਬਰ 84

[11] ਗਦਰ ਲਹਿਰ ਦੀ ਕਵਿਤਾ, ਪੰਨਾ ਨੰਬਰ 259 ਉਦਾਰਿਤ ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੇਜ਼ ਨੰਬਰ 84

[12] . ਡਾ.ਭੀਮ ਇੰਦਰ ਸਿੰਘ, ਦਲਿਤ ਚਿੰਤਨ ਮਾਰਕਸੀ ਪਰਿਪੇਖ, ਪੰਨਾ-136

[13]

[14]

[15] ਰੌਣਕੀ ਰਾਮ, ਦਲਿਤ ਪਛਾਣ ਮੁਕਤੀ ਅਤੇ ਸ਼ਕਤੀਕਰਨ,ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੇਜ਼ ਨੰਬਰ-2

---

[16] ਸ਼ੂਦਰਾ ਸੋਢੀ ਸੁਲਤਾਨ ਸਿੰਘ, ਹਿੰਦੂ ਸਾਮਰਾਜਵਾਦ ਦਾ ਇਤਿਹਾਸ, ਡਾ. ਭੀਮ ਰਾਓ ਅਬੰਦੇਕਰ ਯਾਦਗਰੀ ਪ੍ਰਕਾਸ਼ਨ, ਪੇਜ਼ ਨੰਬਰ 28

[17] ਉਹੀ

[18] ਸ਼ੂਦਰਾ ਸੋਢੀ ਸੁਲਤਾਨ ਸਿੰਘ, ਹਿੰਦੂ ਸਾਮਰਾਜਵਾਦ ਦਾ ਇਤਿਹਾਸ, ਡਾ. ਭੀਮ ਰਾਓ ਅਬੰਦੇਕਰ ਯਾਦਗਰੀ ਪ੍ਰਕਾਸ਼ਨ, ਪੇਜ਼ ਨੰਬਰ 31

[19] ਰੌਣਕੀ ਰਾਮ, ਦਲਿਤ ਪਛਾਣ ਮੁਕਤੀ ਅਤੇ ਸ਼ਕਤੀਕਰਨ,ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੇਜ਼ ਨੰਬਰ 5

[20] ਅ. ਲਾ. ਊਕੇ, ਪੱਥਰ ਉੱਠਾਤੇ ਹਾਥ, ਪੰਨਾ - 3 ਉਧਰਿਤ ਡਾ.ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ ਪੇਜ਼ ਨੰਬਰ 54-55,

[21] ਸੀ. ਬੀ. ਭਾਰਤ, ਆਕ੍ਰੋਸ਼, ਪੰਨਾ- 39 ਉਧਰਿਤ ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ ਪੇਜ਼ ਨੰਬਰ 55

[22] ਐਨ. ਆਰ. ਸਾਗਰ, ਅਜ਼ਾਦ ਹੈਂ ਹਮ, ਪੰਨਾ 39, ਉਧਰਿਤ ਡਾ. ਸਰਬਜੀਤ ਦਲਿਤ ਦ੍ਰਿਸ਼ਟੀ ਪੰਨਾ- 59

[23] ਕੰਵਲ ਭਾਰਤੀ, ਤਬ ਤੁਮਾਹਰੀ ਨਿਸ਼ਠਾਂ ਕਿਆ ਹੋਤੀ, ਪੰਨਾ 68, ਉਧਰਿਤ ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੰਨਾ- 62

[24] ਬਲਬੀਰ ਮਾਧੋਪੁਰੀ, ਛਾਗਿਆ ਰੁੱਖ, ਪੰਨਾ- 36

[25] ਬਲਬੀਰ ਮਾਧੋਪੁਰੀ, ਛਾਂਗਿਆ ਰੁੱਖ, ਪੰਨਾ- 37

[26] ਬਲਬੀਰ ਮਾਧੋਪੁਰੀ, ਛਾਂਗਿਆ ਰੁੱਖ, ਪੰਨਾ - 99

[27] ਉਹੀ, ਪੰਨਾ- 105

[28] ਉਹੀ, ਪੰਨਾ- 196

[29] ਕੰਵਲ ਭਾਰਤੀ, ਤਬ ਤੁਮਾਹਰੀ ਨਿਸ਼ਠਾ ਕਿਆ ਹੋਤੀ, ਪੰਨਾ 38, ਉਧਰਿਤ ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੰਨਾ- 57

[30] ਐੱਨ. ਆਰ. ਸਾਗਰ, ਅਜ਼ਾਦ ਹੈਂ ਹਮ, ਪੰਨਾ-39 ਉਧਰਿਤ ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੇਜ਼ ਨੰਬਰ-59

[31] ਡਾ. ਐੱਨ. ਸਿੰਘ, ਸਤਹ ਸੇ ਉਠਤੇ ਹੁਏ, ਪੰਨਾ- 11 ਉਧਰਿਤ ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੰਨਾ- 59

[32] ਲਾਲ ਸਿੰਘ ਦਿਲ, ਨਾਗ ਲੋਕ, ਪੰਨਾ ਨੰਬਰ 37 ਉਦਾਰਿਤ ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੇਜ਼ ਨੰਬਰ 86

[33] ਸੰਪੂਰਨ ਪਾਸ਼ ਕਾਵਿ ,ਪੰਨਾ 143

# ਅਧਿਆਇ-ਦੂਜਾ

# ਪੰਜਾਬੀ ਸਮਾਜ ਅਤੇ ਪੰਜਾਬੀ ਸਾਹਿਤ ਵਿੱਚ ਦਲਿਤ ਦ੍ਰਿਸ਼ਟੀ

## 2.1. ਨਾਵਲ ਸਾਹਿਤ ਵਿੱਚ ਦਲਿਤ ਦ੍ਰਿਸ਼ਟੀ

ਪੰਜਾਬੀ ਸਾਹਿਤ ਵਿੱਚ ਨਾਵਲ ਦਾ ਵਿਸ਼ੇਸ਼ ਯੋਗਦਾਨ ਹੈ। ਨਾਵਲ ਸਾਹਿਤ ਦੀ ਬਹੁਤ ਹੀ ਮਹੱਤਵਪੂਰਨ ਵਿਧਾ ਹੈ। ਪੰਜਾਬੀ ਦਾ ਸਭ ਤੋਂ ਪਹਿਲਾ ਪ੍ਰਮਾਣਿਕ ਨਾਵਲ ਭਾਈ ਵੀਰ ਸਿੰਘ ਦੁਆਰਾ ਲਿਖਿਆ 'ਬਾਬਾ ਨੌਧ ਸਿੰਘ' ਹੈ। ਸਾਹਿਤ ਦੀਆਂ ਹੋਰਨਾਂ ਵਿਧਾਵਾਂ ਵਾਂਗ ਨਾਵਲ ਸਾਹਿਤ ਵਿੱਚ ਵੀ ਦਲਿਤ ਦੇ ਮੁੱਦਿਆਂ, ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ।

ਸਿੱਖ ਧਰਮ ਦੇ ਦਲਿਤ-ਪੱਖੀ ਦ੍ਰਿਸ਼ਟੀਕੋਣ ਨੂੰ ਪੰਜਾਬੀ ਨਾਵਲ ਵਿੱਚ ਪਹਿਲੀ ਵਾਰ ਨਾਨਕ ਸਿੰਘ ਨੇ ਆਪਣੇ ਨਾਵਲ ਚਿੱਟਾ ਲਹੂ (1932) ਵਿੱਚ ਪੇਸ਼ ਕੀਤਾ ਹੈ।[1] ਚਿੱਟਾ ਲਹੂ ਨਾਵਲ ਦੀ ਮੁੱਖ ਪਾਤਰ ਜਾਂ ਨਾਇਕਾ ਸੁੰਦਰੀ ਹੈ। ਜਿਸ ਨੂੰ ਕਲੰਦਰ ਜਾਤ ਦਾ ਰੋੜੂ ਪਾਲਦਾ ਹੈ। ਜਾਤ-ਪਾਤ ਦੀ ਦੌੜ ਵਿੱਚ ਕਲੰਦਰ ਹਰੀਜਨਾਂ ਤੋਂ ਵੀ ਨੀਵੇਂ ਸਮਝੇ ਜਾਂਦੇ ਹਨ। ਕਲੰਦਰ ਜਾਤ ਦੇ ਘਰ ਪਲਨ ਵਾਲੀ ਧੀ ਸੁੰਦਰੀ ਨੂੰ ਇਸ ਜਾਤ-ਪਾਤ ਦੇ ਹਨੇਰੇ ਵਿੱਚ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੇਸ਼ੱਕ ਸੁੰਦਰੀ ਤੇਜ਼ ਬੁੱਧੀ ਤੇ ਅੱਤ ਸੁੰਦਰਤਾ ਦੀ ਮਾਲਕਣ ਹੈ ਪਰ ਫਿਰ ਵੀ ਨੀਵੀਂ ਜਾਤੀ ਦਾ ਕਲੰਕ ਉਸ ਦੇ ਮੱਥੇ 'ਤੇ ਲੱਗ ਜਾਂਦਾ ਹੈ। ਗੁਰਦੁਆਰੇ ਜਾਣ ਦੀ ਚਾਹਤ ਵੀ ਉਸ ਦੇ ਮੰਨ ਵਿੱਚ ਰਹਿ ਜਾਂਦੀ ਹੈ। ਜੇ ਕਿਤੇ ਲੁੱਕ-ਛਿਪ ਕੇ ਗੁਰਦੁਆਰੇ ਚੱਲ ਵੀ ਜਾਵੇ ਤਾਂ ਪਤਾ ਲੱਗਣ ਤੇ ਉਸ ਨਾਲ ਮਾਰ ਕੁਟਾਈ ਕੀਤੀ ਜਾਂਦੀ ਤੇ ਗੁਰਦੁਆਰੇ ਦੀ ਕੜਾਹ ਪ੍ਰਸ਼ਾਦ ਦੀ ਦੇਗ ਦੇ ਭਿੱਟ ਹੋਣ ਦੀ ਖ਼ਬਰ ਵੀ ਫੈਲਾਉਂਦੇ।

ਜਸਵੰਤ ਸਿੰਘ ਵਧੇਰੇ ਯਥਾਰਥਕ ਨਾਵਲ ਲਿਖਣ ਵਾਲਾ ਰਚੇਤਾ ਹੋਇਆ। ਉਸ ਦਾ ਜਾਤ-ਪਾਤ ਦੇ ਘੇਰੇ ਘੁੰਮਣ ਵਾਲਾ 'ਹਾਣੀ' ਨਾਵਲ ਸਮਾਜ ਦੇ ਯਥਾਰਥ ਦੀ ਤਰਜਮਾਨੀ ਕਰਦਾ ਹੈ। ਹਾਣੀ ਨਾਵਲ ਦੀ ਨਾਇਕਾ ਨੀਵੀਂ ਜਾਤੀ ਦੀ ਬੀਰੋ ਜੋ ਕੇ ਜੱਟ ਜਾਤੀ ਨਾਲ ਸੰਬੰਧਿਤ ਲਾਂਭੇ ਦੇ ਪਿਆਰ ਦੀਆਂ ਡੋਰਾਂ ਵਿੱਚ ਬੱਝ ਜਾਂਦੀ ਹੈ। ਬੀਰੋ ਤੇ ਲਾਂਭੇ ਦਾ ਪਿਆਰ ਸਮਾਜ ਦੀਆਂ ਉਚ-ਨੀਚ, ਜਾਤ-ਪਾਤ ਦੀਆਂ ਬੇੜੀਆਂ ਵਿੱਚ ਫਸ ਜਾਂਦਾ ਹੈ। ਬੀਰੋ ਤੇ ਲਾਂਭੇ ਨੂੰ ਪਤਾ ਹੈ ਕਿ ਸਾਡੇ ਪਿਆਰ-ਵਿਆਹ ਨੂੰ ਸਮਾਜ ਕਬੂਲ ਨਹੀਂ ਕਰੇਗਾ। ਬੀਰੋ ਵੱਲੋਂ ਲਾਂਭੇ ਸਾਹਮਣੇ ਰੱਖੇ ਵਿਆਹ ਦੇ ਪ੍ਰਸਤਾਵ ਨਾਲੋਂ ਉਸ ਨੂੰ ਆਪਣਾ ਜੱਟ ਸ਼ਰੀਕਾ, ਹਾਣੀ ਤੇ ਜਾਤੀਗਤ ਭਾਵਨਾ ਦੀ ਭਰਮਾਰ ਵਧੇਰੇ ਭਾਰੀ

ਲੱਗਦੀ। ਸਮਾਜ ਵਿੱਚ ਆਪਣੀ ਭੰਡੀ ਤੇ ਹਰ ਥਾਂ ਥੂੰਹ-ਥੂੰਹ ਹੋਣ ਦੇ ਡਰ ਤੋਂ ਉਹ ਬੀਰੋ ਨੂੰ ਉਧਾਲ਼ ਕੇ, ਲੈ ਜਾਣ ਦਾ ਸੁਪਨਾ ਛੱਡ ਦਿੰਦਾ। ਇਸ ਨਾਵਲ ਵਿੱਚ ਜਿੱਥੇ ਸਮਾਜ ਵਿੱਚ ਜਾਤ-ਪਾਤ, ਊਚ-ਨੀਚ, ਭੇਦ-ਭਾਵ ਦੀ ਝਲਕ ਨਜ਼ਰ ਪੈਂਦੀ ਉੱਥੇ ਸਮਾਜ ਵਿੱਚ ਆਰਥਿਕ ਨਾ-ਬਰਾਬਰੀ ਦਾ ਵਿਸ਼ਾ ਵੀ ਸਾਹਮਣੇ ਆਉਂਦਾ ਹੈ।

ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਨੇ ਜਿੱਥੇ ਆਪਣੇ ਨਾਵਲਾਂ ਵਿੱਚ ਜਾਤ-ਪਾਤ ਵਿੱਚ ਜਕੜੇ ਪਿਆਰ-ਵਿਆਹ ਦੇ ਮਸਲਿਆਂ ’ਤੇ ਅਧਾਰਿਤ ਨਾਵਲ ਸਿਰਜਨਾ ਕੀਤੀ ਉੱਥੇ ਗੁਰਦਿਆਲ ਸਿੰਘ ਨੇ ਆਪਣੇ ਨਾਵਲਾਂ ਵਿੱਚ ਸਮਾਜ ਦੇ ਜੀਵਨ ਨੂੰ ਕੇਂਦਰ ਬਿੰਦੂ ’ਤੇ ਰੱਖਿਆ। ਗੁਰਦਿਆਲ ਸਿੰਘ ਨੇ ‘ਅੰਨ੍ਹੇ ਘੋੜੇ ਦਾ ਦਾਨ’, ‘ਆਥਣ ਉੱਗਣ’ ਤੇ ‘ਮੜ੍ਹੀ ਦਾ ਦੀਵਾ’ ਵਿੱਚ ਦਲਿਤ ਨਾਲ ਜੁੜੇ ਮੁੱਦਿਆਂ ਨੂੰ ਆਪਣੇ ਨਾਵਲਾਂ ਦੇ ਵਿਸ਼ੇ ਦਾ ਅਧਾਰ ਬਣਾਇਆ। ਸਮਾਜ ਦੇ ਜਾਤੀ-ਜਮਾਤੀ ਸੰਬੰਧਾਂ ਦੇ ਯਥਾਰਥ ਨੂੰ ਉਲੀਕਦਿਆਂ ਆਪਣੇ ਪਹਿਲੇ ਨਾਵਲ ‘ਮੜ੍ਹੀ ਦਾ ਦੀਵਾ’ ਨੂੰ ਵਧੇਰੇ ਪ੍ਰਸਿੱਧੀ ਮਿਲੀ।

‘ਮੜ੍ਹੀ ਦਾ ਦੀਵਾ’ ਪਰਸਪਰ ਦੋ ਪਰਿਵਾਰਾਂ ਦੇ ਸੰਬੰਧਾਂ ਦੇ ਇਰਦ-ਗਿਰਦ ਘੁੰਮਦਾ ਹੈ। ਨਾਵਲ ਵਿੱਚ ਜਗਸੀਰ ਇੱਕ ਅਜਿਹਾ ਪਾਤਰ ਹੈ ਜਿਸ ਕੋਲ ਨਾ ਤਾਂ ਪੈਦਾਵਾਰ ਦੇ ਸਾਧਨ ਹਨ ਤੇ ਨਾ ਹੀ ਸੰਦ ਤੇ ਔਜ਼ਾਰ। ਸਾਰਾ ਦਿਨ ਹੱਡ ਭੰਨਵੀਂ ਮਿਹਨਤ ਕਰਨ ਦੇ ਬਾਅਦ ਵੀ ਜਗਸੀਰ ਦਾ ਆਰਥਿਕ ਪੱਧਰ ਉੱਚਾ ਨਹੀਂ ਹੋਇਆ ਜਦਕਿ ਧਰਮ ਸਿੰਘ ਕੋਲ ਪੈਦਾਵਾਰ ਦੇ ਸਾਧਨ ਹਨ, ਸੰਦ ਤੇ ਔਜ਼ਾਰ ਹਨ। ਨਾਵਲ ਵਿੱਚ ਜਗਸੀਰ ਇੱਕ ਮਿਹਨਤੀ ਕਾਮਾ ਹੈ। ਮਿਹਨਤੀ ਹੋਣ ਦੇ ਬਾਵਜੂਦ ਵੀ ਜਗਸੀਰ ਦੀ ਆਰਥਿਕ ਪ੍ਰਸਥਿਤੀਆਂ ਵਿੱਚ ਕੋਈ ਪਰਿਵਰਤਨ ਨਹੀਂ ਆਇਆ। ਜਦਕਿ ਧਰਮ ਸਿੰਘ ਦੀ ਜਾਇਦਾਦ ਦੁੱਗਣੀ ਹੋ ਗਈ। ਇਸ ਦਾ ਮਤਲਬ ਇਹ ਹੋਇਆ ਕਿ ਸਾਧਨ ਹੀਣ ਕਾਮੇ ਆਪਣੀ ਮਿਹਨਤ ਮਸ਼ੱਕਤ ਤੇ ਲਗਨ ਨਾਲ ਸਾਧਨਵਾਨ ਲੋਕਾਂ ਲਈ ਕੰਮ ਕਰਦੇ ਜਿਸ ਦਾ ਫਲ ਵਧੇਰੇ ਮਾਤਰਾ ਵਿੱਚ ਸਾਧਨਵਾਨ ਲੋਕਾਂ ਦੇ ਹਿੱਸੇ ਆਉਂਦਾ ਤੇ ਸਾਧਨ ਹੀਣ ਕਾਮਿਆਂ ਦੀ ਆਰਥਿਕ ਸਥਿਤੀ ਵਿੱਚ ਕੋਈ ਪਰਿਵਰਤਨ ਨਹੀਂ ਆਉਂਦਾ।

ਸੋਹਣ ਸਿੰਘ ਸੀਤਲ ਨੇ ਵੀ ਦਲਿਤ ਜੀਵਨ ਨਾਮ ਸੰਬੰਧਿਤ ‘ਯੁੱਗ ਬਦਲ ਗਿਆ’ ਨਾਂ ਦਾ ਨਾਵਲ ਲਿਖਿਆ। ਜਿਸ ਵਿੱਚ ਸੀਰੀਆਂ ਦੀ ਹੀਣ ਭਾਵਨਾ ਨੂੰ ਚਿਤਾਰਿਆ ਗਿਆ ਹੈ। ਸੀਰੀ ਮੁੱਢ ਤੋਂ ਹੀ ਆਰਥਿਕ ਤੰਗੀ ਦਾ ਜੀਵਨ ਗੁਜ਼ਰ ਬਸਰ ਕਰ ਰਹੇ ਹਨ। ਜ਼ਿਮੀਂਦਾਰ ਸ਼ਾਹੂਕਾਰ ਨਾਲ ਸੰਬੰਧ ਬਣਾਉਣ ਵਿੱਚ ਸੀਰੀ ਤੇ ਉਸ ਦਾ ਪਰਿਵਾਰ ਬੜਾ ਫ਼ਖਰ ਮਹਿਸੂਸ ਕਰਦਾ। ਉਹ ਸੰਬੰਧ ਬੇਸ਼ੱਕ ਜਿੱਦਾਂ ਦਾ ਮਰਜ਼ੀ ਹੋਵੇ। ਨਾਵਲ ਵਿੱਚ ਜ਼ਿਮੀਂਦਾਰ ਸ਼ਾਹੂਕਾਰ ਲੱਖਾ ਸਿੰਘ ਆਪਣੇ ਸਹੁਰੇ ਪਿੰਡ ਦੀ ਹਰੀਜਨ ਕੁੜੀ ਰਾਜੋ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ

ਚਾਹੁੰਦਾ ਹੈ। ਇਸ ਮੰਤਵ ਨੂੰ ਪੂਰਾ ਕਰਨ ਲਈ ਉਹ ਆਪਣੇ ਸੀਰੀ ਡੁੱਡੇ ਦਾ ਵਿਆਹ ਰਾਜੋ ਨਾਲ ਕਰਵਾ ਦਿੰਦਾ ਤੇ ਰਾਜੋ ਨੂੰ ਆਪਣੀ ਰਖੇਲ ਬਣਾ ਲੈਂਦਾ ਹੈ। ਰਾਜੋ, ਲੱਖਾ ਸਿੰਘ ਦੀ ਰਖੇਲ ਬਣ ਕੇ ਰਹਿਣ ਵਿੱਚ ਮਾਣ ਮਹਿਸੂਸ ਕਰਦੀ। ਰਾਜੋ ਦੀ ਕੁੱਖੋਂ ਪੈਦਾ ਹੋਏ ਲੱਖਾ ਸਿੰਘ ਦਾ ਪੁੱਤਰ ਜਰਨੈਲ ਵੀ ਆਪਣੇ ਜੀਵਨ ਦਾ ਇੱਕ ਹੀ ਉਦੇਸ਼ ਬਣਾਈ ਬੈਠਾ ਕਿ ਲੱਖਾ ਸਿੰਘ, ਉਸ ਨੂੰ ਆਪਣਾ ਪੁੱਤਰ ਤੇ ਰਾਜੋ ਨੂੰ ਆਪਣੀ ਪਤਨੀ ਦਾ ਦਰਜਾ ਦੇਵੇ। ਨਾਵਲ ਵਿੱਚ ਜਿੱਥੇ ਦਲਿਤ ਮਾਨਸਿਕਤਾ ਦੀ ਪੇਸ਼ਕਾਰੀ ਮਿਲਦੀ ਹੈ ਉੱਥੇ ਸ਼ਾਹੂਕਾਰ ਜ਼ਿਮੀਂਦਾਰ ਦੀ ਹਵਸ ਭਰੀ ਅੱਖ ਹਮੇਸ਼ਾ ਹੀ ਆਪਣੇ ਤੋਂ ਨੀਵੀਂਆਂ ਜਾਤੀਆਂ ਦੀਆਂ ਧੀਆਂ, ਭੈਣਾਂ ਨੂੰ ਟੋਲਦੀ ਹੈ। ਜਿੱਥੇ ਦਲਿਤਾਂ 'ਤੇ ਆਰਥਿਕ ਸ਼ੋਸ਼ਣ ਹੁੰਦਾ ਉੱਥੇ ਉਨ੍ਹਾਂ ਦਾ ਮਾਨਸਿਕ ਤੇ ਜਿਸਮਾਨੀ ਸ਼ੋਸ਼ਣ ਵੀ ਹੁੰਦਾ ਹੈ।

ਦਲਿਤ ਚੇਤਨਾ ਬਾਰੇ ਬਹੁਤ ਸਾਰੇ ਲੇਖਕਾਂ ਨੇ ਭਰਵੀਂ ਆਵਾਜ਼ ਦਲਿਤਾਂ ਦੇ ਮੁੱਦਿਆਂ, ਸਮੱਸਿਆਵਾਂ ਤੇ ਔਕੜਾਂ ਨੂੰ ਪੇਸ਼ ਕੀਤਾ। ਦਲਿਤ ਵਰਗ ਦੇ ਹੱਕਾਂ ਲਈ ਆਪਣੀ ਕਲਮ ਦੀ ਜ਼ੋਰ ਅਜ਼ਮਾਈ ਕੀਤੀ। ਜਿਸ ਦੇ ਪਰਿਮਾਣ ਵਜੋਂ ਸਾਹਿਤ ਦੇ ਹਰ ਵਿਧਾ ਵਿੱਚ ਦਲਿਤ ਚੇਤਨਾ ਦੀ ਪੇਸ਼ਕਾਰੀ ਹੋਈ।

ਦਲਿਤ ਵਰਗ ਦੀਆਂ ਸਮੱਸਿਆਵਾਂ ਜਿੱਥੇ ਪੰਜਾਬੀ ਸਾਹਿਤ ਦੀਆਂ ਹੋਰਨਾਂ ਵਿਧਾਵਾਂ ਦੇ ਵਿਸ਼ੇ ਬਣੇ। ਉੱਥੇ ਪੰਜਾਬੀ ਨਾਵਲਾਂ ਵਿੱਚ ਵੀ ਦਲਿਤ ਨਾਲ ਜੁੜੇ ਅਨੇਕਾਂ ਮੁੱਦਿਆ ਨੂੰ ਆਪਣੀ ਰਚਨਾ ਦਾ ਆਧਾਰ ਬਣਾਇਆ। ਨਾਵਲ ਬੇਸ਼ੱਕ ਇੱਕ ਗਲਪੀ ਰਚਨਾ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਸਮਾਜ ਦੇ ਯਥਾਰਥ ਦੀ ਪੇਸ਼ਕਾਰੀ ਨਾ ਕਰੇ। ਨਾਵਲ ਵਿੱਚ ਦਲਿਤ ਦੇ ਯਥਾਰਥਕ ਮੁੱਦਿਆ ਨੂੰ ਗਲਪੀ ਬਿਰਤਾਂਤ ਦੁਆਰਾ ਪੇਸ਼ ਕੀਤਾ ਗਿਆ ਹੈ। ਪੰਜਾਬ ਵਿੱਚ ਦਲਿਤ ਮਨੁੱਖ ਦੇ ਸ਼ੋਸਕ ਦਾ ਮਸਲਾ ਕੇਵਲ ਸਮਾਜਕ ਨਾ ਹੋ ਕੇ ਆਰਥਕ ਵਧੇਰੇ ਹੈ।

ਇਹੀ ਕਾਰਨ ਹੈ ਕਿ ਦਲਿਤ ਵਰਗ ਪੂੰਜੀਹੀਣ ਜਾਂ ਆਰਥਿਕਤਾ ਦੇ ਸਾਧਨਾਂ ਤੋਂ ਵਾਂਝੇ ਹੋਣ ਕਾਰਨ ਆਪਣੀ ਹੱਥਾਂ ਦੀ ਕਿਰਤ ਤੇ ਮਿਹਨਤ ਸਦਕਾ ਹੀ ਰੋਜ਼ੀ-ਰੋਟੀ ਕਮਾਉਂਦੇ ਹਨ ਜਿਸ ਕਾਰਨ ਉਨ੍ਹਾਂ ਦੀ ਆਰਥਕ ਦਸ਼ਾ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ। ਉਹ ਆਰਥਿਕਤਾ ਪੱਖੋਂ ਕਮਜ਼ੋਰ ਹੀ ਰਹਿੰਦੇ ਹਨ। ਜਿਸ ਕਾਰਨ ਸਮਾਜ ਚ ਸਾਹਮਣਾ ਕਰਨ ਦੇ ਸਮਰੱਥ ਹੋ ਜਾਂਦੇ ਹਨ। ਇਸ ਲਈ ਪੰਜਾਬੀ ਨਾਵਲਕਾਰ ਆਪਣੀਆਂ ਰਚਨਾਵਾਂ ਵਿੱਚ ਪਿੰਡ ਦੇ ਦ੍ਰਿਸ਼ ਵਿੱਚ ਦਲਿਤ ਮਨੁੱਖ ਨੂੰ ਇੱਕ ਸ਼ੋਸ਼ਿਤ ਮਨੁੱਖ ਵਜੋਂ ਚਿਤਰਦਾ ਹੈ।

## 2.2 ਪੰਜਾਬੀ ਕਹਾਣੀ ਵਿੱਚ ਦਲਿਤ ਦ੍ਰਿਸ਼ਟੀ

ਪੰਜਾਬੀ ਸਾਹਿਤ ਵਿੱਚ ਕਹਾਣੀ ਦਾ ਵਿਸ਼ੇਸ਼ ਯੋਗਦਾਨ ਹੈ ਕਹਾਣੀ ਬਹੁਤ ਸਮੇਂ ਤੋਂ ਚਲਦੀ ਆ ਰਹੀ ਹੈ ਪਰ ਕਹਾਣੀ ਦੇ ਤੱਤਾਂ ਉੱਤੇ ਅਧਾਰਿਤ ਕਹਾਣੀ ਆਧੁਨਿਕ ਸਮੇਂ ਤੋਂ ਸ਼ੁਰੂ ਹੋਈ। ਕਹਾਣੀ ਲਿਖਣਾ ਵੀ ਪੱਛਮ ਦੀ ਦੇਣ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਭਾਰਤ ਜਾਂ ਪੰਜਾਬ ਵਿੱਚ ਕਹਾਣੀ ਨਹੀਂ ਲਿਖੀ ਜਾਂਦੀ ਸੀ। ਕਹਾਣੀ ਦਾ ਆਰੰਭ ਉਨ੍ਹਾਂ ਹੀ ਪੁਰਾਣਾ ਹੈ ਜਿੰਨੀ ਮਨੁੱਖ ਦੀ ਹੋਂਦ ਪੁਰਾਣੀ ਹੈ। ਉਦੋਂ ਤੋਂ ਹੀ ਉਹ ਆਪਣੀ ਗੱਲ ਕਿਸੇ ਨੂੰ ਸੁਣਾਉਂਦਾ ਤੇ ਕਿਸੇ ਦੀ ਗੱਲ ਸੁਣਦਾ ਆਇਆ ਹੈ। ਆਧੁਨਿਕ ਕਾਲ ਤੋਂ ਪਹਿਲਾਂ ਬੇਸ਼ੱਕ ਕਹਾਣੀ ਸ਼ਬਦ ਜਾਂ ਕਹਾਣੀ ਨਹੀਂ ਮਿਲਦੀ ਪਰ ਜਨਮ-ਸਾਖੀ, ਸਾਖੀ ਤੇ ਕਿੱਸਾ-ਕਾਵਿ ਆਦਿ ਅਜਿਹੀਆਂ ਸਾਹਿਤ ਵਿਧਾਵਾਂ ਹਨ ਜਿਨ੍ਹਾਂ ਦੀ ਕਹਾਣੀ ਦੇ ਤੱਤਾਂ ਨਾਲ ਸਮਰੂਪਤਾ ਹੈ। ਆਧੁਨਿਕ ਕਾਲ ਵਿੱਚ ਗਲਪ ਰਚਨਾ ਨੂੰ ਕਹਾਣੀ ਦਾ ਨਾਂ ਮਿਲਿਆ ਪਰ ਕਹਾਣੀ ਦੀ ਹੋਂਦ ਬਹੁਤ ਪੁਰਾਣੀ ਹੈ। ਆਧੁਨਿਕ ਕਾਲ ਤੋਂ ਬਾਅਦ ਪੰਜਾਬੀ ਕਹਾਣੀਆਂ ਨੇ ਸਾਹਿਤ ਦੇ ਖੇਤਰ ਵਿੱਚ ਇੱਕ ਵਿਸ਼ਾਲਤਾ ਲਿਆਂਦੀ।

20ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿੱਚ ਕਹਾਣੀ ਦੇ ਵਿਸ਼ੇ ਆਦਰਸ਼ਵਾਦ, ਧਾਰਮਿਕ, ਉਪਦੇਸ਼ਆਤਮਕ, ਸਮਾਜਿਕ ਆਦਿ ਦੇ ਘੇਰੇ ਵਿੱਚ ਰਹੇ ਪ੍ਰੰਤੂ 1936 ਤੋਂ ਬਾਅਦ ਚੱਲੀ ਪ੍ਰਗਤੀਵਾਦ ਲਹਿਰ ਨੇ ਕਹਾਣੀ ਲਿਖਣ ਲਈ ਜਿੱਥੇ ਬੇਸ਼ੁਮਾਰ ਹੋਰ ਨਿਵੇਕਲੇ ਵਿਸ਼ੇ ਪ੍ਰਦਾਨ ਕੀਤੇ ਉੱਥੇ ਨਾਲ ਹੀ ਕਹਾਣੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਪ੍ਰਗਤੀਵਾਦ ਲਹਿਰ ਸਦਕਾ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿੱਚ ਵਰਗ ਰਹਿਤ ਸਮਾਜ, ਆਪਸੀ ਸਾਂਝ, ਭਾਈਚਾਰਕ ਪਿਆਰ, ਲੁੱਟ-ਖਸੁੱਟ ਵਿਰੁੱਧ, ਗ਼ਰੀਬ, ਬੇਸਹਾਰਾ ਤੇ ਮਿਹਨਤੀ ਵਰਗ ਦੀ ਪ੍ਰਗਤੀ ਦੀ ਪ੍ਰੇਰਨਾ ਦਿੰਦਿਆਂ ਘਟਨਾਵਾਂ ਨੂੰ ਕਲਮ ਬੱਧ ਕੀਤਾ। ਇਨ੍ਹਾਂ ਕਹਾਣੀਆਂ ਵਿੱਚ ਦਲਿਤ ਵਰਗ ਦੇ ਮੁੱਦਿਆਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਗਈ, ਦਲਿਤ ਵਰਗ ਨਾਲ ਹੁੰਦੇ ਸ਼ੋਸ਼ਣ ਨੂੰ ਚਿਤਾਰਿਆ ਗਿਆ ਤੇ ਉਸ ਨੂੰ ਖ਼ਤਮ ਕਰਨ ਲਈ ਇੱਕ ਅਗਾਂਹ ਵਧੂ ਸੋਚ ਤੇ ਇੱਕ ਮੁੱਠ ਹੋਣ ਦੀ ਭਾਵਨਾ ਨੂੰ ਜ਼ਾਹਿਰ ਕੀਤਾ। ਸਮਾਜ ਵਿੱਚ ਪੂੰਜੀਪਤੀਆਂ ਵੱਲੋਂ ਮਜ਼ਦੂਰ ਵਰਗ ਦੀ ਲੁੱਟ-ਖਸੁੱਟ, ਉਨ੍ਹਾਂ ਨਾਲ ਹੋ ਰਹੇ ਅਨਿਆਂ ਆਦਿ ਨੂੰ ਆਪਣੀਆਂ ਰਚਨਾਵਾਂ ਦਾ ਅਧਾਰ ਬਣਾਇਆ ਪੂੰਜੀਵਾਦ ਦੇ ਧੱਕੇਸ਼ਾਹ ਦੇ ਵਿਰੋਧ ਵਿੱਚ ਦਲਿਤ ਵਰਗ ਨਾਲ ਜੁੜੇ ਮੁੱਦਿਆਂ ਨੂੰ ਜਨ-ਸਧਾਰਨ ਦੇ ਰੂ-ਬਰੂ ਕੀਤਾ।

ਇਸ ਤਰ੍ਹਾਂ ਆਧੁਨਿਕ ਕਹਾਣੀ ਵਿੱਚ ਕੇਵਲ ਕਥਾ ਦਾ ਵਿਸਥਾਰ ਹੀ ਨਹੀਂ ਕੀਤਾ ਬਲਕਿ ਉਸ ਕਹਾਣੀ ਵਿੱਚ ਦਲਿਤ ਵਰਗ ਦੀਆਂ ਚੀਕਾਂ, ਚਹਾੜਾਂ ਤੇ ਬੇਬਸੀ ਦੀਆਂ ਧੁਨਾਂ ਦਾ ਵੀ ਜ਼ਿਕਰ ਆਉਂਦਾ ਹੈ। ਇਸ ਤਰ੍ਹਾਂ

## Balbir Madhopuri Rachit Svejivni 'Changia Rukh' vich pesh Dalit Drishty da Adhyan

ਪੰਜਾਬੀ ਸਾਹਿਤ ਵਿੱਚ ਦਲਿਤ ਸਾਹਿਤ ਨੂੰ ਲੈ ਕੇ ਕਾਫ਼ੀ ਵਿਵਾਦ ਛਿੜਿਆ ਰਿਹਾ। ਦਲਿਤ ਸਾਹਿਤ ਨੂੰ ਕਥਾਕਾਰੀ ਭਾਵ ਭਾਸ਼ਾ ਬਾਰੇ ਕਹਾਣੀ ਨੂੰ ਛੁਟਿਆਇਆ ਜਾਂਦਾ ਰਿਹਾ। ਪਰ ਜਦੋਂ ਸਾਹਿਤ ਦੇ ਹੋਰਨਾਂ ਵਿਧਾਵਾਂ ਦੇ ਕਲਾ ਪੱਖ ਨੂੰ ਦੇਖਦੇ ਹਾਂ ਤਾਂ ਉਨ੍ਹਾਂ ਦੇ ਕਲਾਤਮਿਕ ਨੇਮ ਟੁੱਟਦੇ ਜਾ ਰਹੇ ਹਨ। ਜਿਵੇਂ ਛੰਦ ਕਵਿਤਾ ਦੀ ਪ੍ਰਮਾਣਿਕਤਾ ਨੂੰ ਦਰਸਾਉਂਦੇ ਹਨ। ਪਰ ਆਧੁਨਿਕ ਕਵਿਤਾ ਵਿੱਚ ਛੰਦ ਮੁਕਤ ਰਚਨਾ ਨੂੰ ਵੀ ਕਵਿਤਾ ਕਿਹਾ ਜਾਂਦਾ ਹੈ। ਪ੍ਰੋ. ਪੂਰਨ ਸਿੰਘ ਨੇ ਛੰਦ ਮੁਕਤ ਹੀ ਕਾਵਿ ਰਚਨਾ ਲਿਖੀ, ਫਿਰ ਵੀ ਉਸ ਨੂੰ ਕਵਿਤਾ ਦਾ ਨਾਂ ਦਿੱਤਾ ਗਿਆ। ਪਰ ਜਦੋਂ ਦਲਿਤ ਸਾਹਿਤ ਵਿਚਲੀ ਭਾਸ਼ਾ ਬਾਰੇ ਗੱਲ ਕਰਦੇ ਤਾਂ ਉਦੋਂ ਦਲਿਤ ਕਹਾਣੀਆਂ ਨੂੰ ਇਹ ਕਹਿ ਕੇ ਛੁਟਿਆਇਆ ਜਾਂਦਾ ਕਿ ਇਸ ਵਿਚਲੀ ਭਾਸ਼ਾ ਕਹਾਣੀ ਦੀ ਕਲਾਤਮਿਕਤਾ ਨੂੰ ਘੱਟ ਕਰ ਰਹੀ ਹੈ। ਬੇਸ਼ੱਕ ਨਵੀਂ ਪੰਜਾਬੀ ਕਹਾਣੀ ਦੇ ਬਿਰਤਾਂਤ ਕਾਰੀ ਸੰਗਠਨ ਨੇ ਉਹ ਨੇਮ ਤੋੜ ਦਿੱਤਾ ਪਰ ਫਿਰ ਵੀ ਦਲਿਤ ਕਹਾਣੀ/ਕਵਿਤਾ ਨੂੰ ਕਲਾ ਦੀਆਂ ਕਸੌਟੀਆਂ 'ਤੇ ਇਸ ਤਰ੍ਹਾਂ ਰੱਦ ਕਰਨਾ ਉਚਿੱਤ ਨਹੀਂ ਹੈ। ਇਸ ਤਰ੍ਹਾਂ ਸਮਾਜ ਵਿੱਚ ਜਿੱਥੇ ਦਲਿਤ ਵਰਗ ਨਾਲ ਵਿਅਕਤੀਗਤ ਪੱਧਰ ਤੇ ਈਰਖਾ, ਸਾੜਾ ਹੁੰਦਾ ਉੱਥੇ ਦਲਿਤ ਸਾਹਿਤ ਨਾਲ ਵੀ ਭੇਦ-ਭਾਵ ਕੀਤਾ ਜਾਂਦਾ ਹੈ। ਦਲਿਤ ਵਰਗ ਦੀ ਸਮਾਜਿਕ ਦਸ਼ਾ ਨੂੰ ਦੇਖਦੇ ਹੋਏ ਸ੍ਰੀ ਗੁਰੂ ਰਵਿਦਾਸ ਜੀ ਨੇ "ਕਹਿ ਰਵਿਦਾਸ ਚਮਾਰਾ" ਦੇ ਪ੍ਰਤੀਕ ਰਾਹੀਂ ਸਮੁੱਚੀ ਜਾਤੀ ਦੀ ਦਰਦਨਾਕ, ਜਾਤੀ ਹੀਣਤਾ, ਸਮਾਜਿਕ, ਆਰਥਿਕ ਤੇ ਧਾਰਮਿਕ ਆਦਿ ਪੱਧਰਾਂ ਤੇ ਬੇਬਸੀ ਨੂੰ ਉਜਾਗਰ ਕੀਤਾ ਹੈ। ਭਗਤ ਕਬੀਰ ਨੇ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਨੂੰ ਅਸਵੀਕਾਰ ਕੀਤਾ। ਮਹਾਤਮਾ ਬੁੱਧ ਨੇ ਵੀ ਆਪਣੇ ਧਰਮ ਦੇ ਪ੍ਰਚਾਰ ਲਈ ਪਾਲੀ ਭਾਸ਼ਾ ਦਾ ਹੀ ਸਹਾਰਾ ਲਿਆ ਸੀ। ਜੋ ਉਸ ਵੇਲੇ ਦੀ ਭ੍ਰਿਸ਼ਟ ਹੋਈ ਭਾਸ਼ਾ ਮੰਨੀ ਜਾਂਦੀ ਸੀ। ਸੋ ਇਸ ਤਰ੍ਹਾਂ ਭਾਸ਼ਾ ਦੇ ਅਧਾਰ ਤੇ ਦਲਿਤ ਰਚਨਾ ਨੂੰ ਰੱਦ ਕਰਨਾ ਉਚਿੱਤ ਨਹੀਂ ਹੈ।

ਪੰਜਾਬੀ ਕਹਾਣੀ ਵਿੱਚ ਜਿਹੜੀਆਂ ਜੁਗਤਾਂ ਤੇ ਬਿਰਤਾਂਤ ਦੇ ਮਾਡਲ ਆਦਿ ਵਰਤੇ ਜਾਂਦੇ ਉਹ ਕਹਾਣੀ ਤੋਂ ਸੱਖਣੇ ਨਹੀਂ ਹਨ। ਇਨ੍ਹਾਂ ਸਮਾਨਤਾਵਾਂ ਦੇ ਹੁੰਦੇ ਹੋਏ ਵੀ ਇੱਕ ਨਿਖੇੜਾ ਭਾਸ਼ਾ ਦਾ ਰਹਿ ਜਾਂਦਾ। ਦਲਿਤ ਰਚਨਹਾਰੇ ਆਪਣੀਆਂ ਰਚਨਾਵਾਂ ਵਿੱਚ ਗੈਰ ਦਲਿਤ ਸਾਹਿਤ ਨਾਲੋਂ ਵੱਖਰੀ ਭਾਸ਼ਾ ਦਾ ਇਸਤੇਮਾਲ ਕਰਦੇ ਹਨ। ਜਿਸ ਕਾਰਨ ਦਲਿਤ ਸਾਹਿਤ ਪ੍ਰਤੀ ਇੱਕ ਭਰਵਾਂ ਵਿਵਾਦ ਛਿੜਿਆ ਹੈ। ਦਲਿਤ ਰਚਨਾ ਹਾਰਿਆਂ ਨੇ ਆਪਣੀ ਜ਼ਿੰਦਗੀ ਦੇ ਅਨੁਭਵਾਂ ਤੋਂ ਬਹੁਤ ਕੁੱਝ ਜਾਣਿਆ, ਦੁੱਖਾਂ ਨੂੰ ਹੰਢਾਇਆ, ਆਪਣੇ ਪਰਾਏ ਵਿੱਚ ਫ਼ਰਕ ਕਰਨਾ ਸਿੱਖਿਆ, ਜੂਨ ਦੀਆਂ ਧੁੱਪਾਂ ਵਿੱਚ ਚੰਮ ਲੂੰ ਕੇ ਪੂੰਜੀਪਤੀਆਂ ਲਈ ਕੰਮ ਕੀਤੇ, ਇਸ ਦੇ ਬਾਵਜੂਦ ਵੀ ਦਲਿਤ ਵਰਗ ਨੂੰ ਫਿਟਕਾਰ ਹੀ ਮਿਲੀ ਜਿਸ ਦੇ ਰੋਸ ਵਜੋਂ ਦਲਿਤ ਰਚਨਹਾਰੇ ਦੀ ਕਲਮ ਵਿੱਚ ਰੋਸ, ਤਿੱਖਾਪਣ ਸਾਫ਼ ਝਲਕਦਾ। ਸਮਾਜ ਵਿੱਚ ਜਾਤ-ਪਾਤ, ਭੇਦ-ਭਾਵ, ਛੂਤ-ਛਾਤ, ਜਾਤ ਦੇ ਨਾਂ ਦੀ ਗਾਲ਼ੀ ਦੇਣਾ, ਆਮ ਚੱਲਣ ਵਾਲੇ

ਵਿਵਾਦ ਹਨ। ਜੇਕਰ ਸਮਾਜ ਵਿੱਚ ਇਹ ਖੁੱਲ੍ਹਮ-ਖੁੱਲ੍ਹਾ ਹੋ ਰਿਹਾ ਹੈ ਤੇ ਰਚਨਹਾਰੇ ਸ਼ਰੇਆਮ ਉਸ ਗ਼ੁਲਾਮੀ ਨੂੰ ਭੋਗਦੇ ਹਨ ਤਾਂ ਫਿਰ ਕਿਉਂ ਨਹੀਂ ਉਹ ਸ਼ਰੇਆਮ ਪੂੰਜੀਪਤੀ, ਬ੍ਰਾਹਮਣ ਤੇ ਲੋਟੂ ਧੀਰਾਂ ਵਿਰੁੱਧ ਸ਼ਰੇਆਮ ਬਗ਼ਾਵਤ ਕਰਨ। ਭਾਸ਼ਾ, ਵਿਚਾਰਾਂ ਤੇ ਅਨੁਭਵਾਂ ਨੂੰ ਬਿਆਨ ਕਰਨ ਜਾਂ ਸੰਚਾਰ ਦਾ ਇੱਕ ਮਾਧਿਅਮ ਹੈ। ਸੋ ਇਸੇ ਤਰ੍ਹਾਂ ਦਲਿਤ ਰਚਨਹਾਰੇ ਆਪਣੇ ਵਿਚਾਰਾਂ, ਅਨੁਭਵ ਆਦਿ ਦਾ ਸੰਚਾਰ ਆਪਣੀ ਰਚਨਾ ਰਾਹੀਂ ਕਰਦੇ ਹਨ।

"ਦਲਿਤ ਸਾਹਿਤ ਦੀ ਭਾਸ਼ਾ ਸਿਰਫ਼ ਨਕਾਰ ਅਤੇ ਵਿਦਰੋਹ ਦੀ ਭਾਸ਼ਾ ਹੀ ਨਹੀਂ ਸਗੋਂ ਪਰਿਵਰਤਨ ਦੀ ਛਟਪਟਾਹਟ ਦੇ ਅੰਤਰ ਸੰਬੰਧਾਂ ਦੀ ਤਾਕਤ ਆਪਣੇ ਅੰਦਰ ਸਮੇਟੀ ਬੈਠੀ ਹੈ।"[2]

ਪ੍ਰਗਤੀਵਾਦੀ ਧਾਰਾਂ ਦੇ ਅੰਤਰਗਤ ਸਿਰਜੀਆਂ ਜਾਣ ਵਾਲੀਆਂ ਕਹਾਣੀਆਂ ਵਿੱਚ ਵਿਦਰੋਹ ਦੀਆਂ ਭਾਵਨਾ ਸਾਫ਼ ਝਲਕਦੀ ਹੈ। ਅਜਿਹੀਆਂ ਕਹਾਣੀਆਂ ਵਿੱਚ ਭਾਸ਼ਾ ਦੇ ਨਾਲ-ਨਾਲ ਇੱਕ ਖ਼ਾਸ ਪ੍ਰਕਾਰ ਦੀ ਵਿਦਰੋਹੀ ਸ਼ਬਦਾਵਲੀ ਵੀ ਸਾਹਮਣੇ ਆਉਂਦੀ ਹੈ। ਦਲਿਤ ਸਾਹਿਤ ਨੂੰ ਅਜਿਹੇ ਲੋਕ ਹੀ ਨਿੰਦਦੇ ਹਨ ਜੋ ਜਾਂ ਤਾਂ ਪੂੰਜੀਪਤੀ ਹਨ ਜਾਂ ਜਾਤ ਦੇ ਅਧਾਰ ਤੇ ਉੱਚੇ ਹਨ। ਮੁਨਸ਼ੀ ਪ੍ਰੇਮ ਚੰਦ ਦੀ 'ਕਫ਼ਨ', 'ਠਾਕੁਰ ਕਾ ਕੂਆਂ' (ਹਿੰਦੀ ਵਿੱਚ), ਮੋਹਨ ਦਾਸ ਨੈਮਿਸਰਾਇ ਦੀ ਕਹਾਣੀ 'ਮਹਾਂ ਸ਼ੂਦਰ' ਅਤੇ ਓਮ ਪ੍ਰਕਾਸ਼ ਬਾਲਮੀਕੀ ਦੀ ਸਵੈ-ਜੀਵਨੀ 'ਜੂਠਨ' ਤੇ ਉਸ ਦੀ ਕਥਾ ਸੰਗ੍ਰਹਿ 'ਸਲਾਮ', ਮੋਹਨ ਭੰਡਾਰੀ ਦੀ 'ਗੰਗਾ ਜਲ', ਪੰਜਾਬੀ ਕਥਾਕਾਰ ਅਤਰਜੀਤ ਦੀ ਕਹਾਣੀ 'ਬਠਲੂ ਚਮਾਰ', ਬਲਜਿੰਦਰ ਨਸਰਾਲੀ ਦੀ ਕਹਾਣੀ 'ਹੱਡਾ ਰੋੜੀ', ਗੁਰਮੀਤ ਕੜਿਆਲਵੀ ਦੀ 'ਹੱਡਾ ਰੋੜੀ ਤੇ ਰੋੜੀ', 'ਊਣੇ' ਆਦਿ ਅਜਿਹੀਆਂ ਕਹਾਣੀਆਂ ਹਨ ਜੋ ਦਲਿਤ ਸਰੋਕਾਰਾਂ ਨਾਲ ਜੁੜੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਵਿਸ਼ੇਸ਼ 'ਸ਼ਬਦ' ਤੇ 'ਵਾਕੰਸ਼' ਨੂੰ ਇਸ ਪ੍ਰਸੰਗ ਵਿੱਚ ਵਰਤਿਆ ਗਿਆ ਜਿਸ ਨਾਲ ਦਲਿਤ ਜੀਵਨ ਦੇ ਹਰ ਇੱਕ ਸਮਾਜਿਕ ਪਹਿਲੂ ਜਿਵੇਂ ਆਰਥਿਕ, ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਤ੍ਰਾਸਦੀ ਦੀਆਂ ਤਰਜ਼ਾਂ ਛੇੜੀਆਂ ਜਾ ਸਕਣ।

## 2.3. ਸਵੈ-ਜੀਵਨੀ ਸਾਹਿਤ ਵਿੱਚ ਦਲਿਤ ਦ੍ਰਿਸ਼ਟੀ

ਸਵੈ-ਜੀਵਨੀ ਦੇ ਜੀਵਨ ਬਿਰਤਾਂਤ ਦੇ ਸੱਚ ਨੂੰ ਧਿਆਨ ਵਿੱਚ ਰੱਖ ਕੇ ਇਹ ਸਮਝ ਲਿਆ ਜਾਂਦਾ ਹੈ ਕਿ ਇਹ ਵਿਧਾ ਨਿਰੋਲ ਸੱਚ ਅਤੇ ਜੀਵਨ ਵੇਰਵੇ ਹੀ ਹਨ ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਸਵੈ-ਜੀਵਨੀ ਜਾਂ ਜੀਵਨੀ ਸਾਹਿਤ ਵਿੱਚ ਰਚਨਹਾਰਾ ਆਪਣੀ ਜ਼ਿੰਦਗੀ ਦੇ ਅਨੁਭਵ ਤੇ ਯਥਾਰਥ ਨੂੰ ਗਲਪੀ ਚਿੰਤਨ ਨਾਲ ਉਸਾਰਦਾ ਹੈ। ਸਵੈ-ਜੀਵਨੀ ਜਾਂ ਜੀਵਨੀ ਸਾਹਿਤ ਨੂੰ ਰੋਚਕ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਉਸ ਵਿੱਚ ਕਲਾਤਮਿਕਤਾ ਦਾ ਅੰਸ਼ ਪਾਇਆ ਜਾਂਦਾ ਹੈ।

## Balbir Madhopuri Rachit Svejivni 'Changia Rukh' vich pesh Dalit Drishty da Adhyan

ਇਸ ਵਿਧਾ ਦੇ ਪਰਿਪੇਖ ਵਿਚ ਜਦੋਂ ਅਸੀਂ ਦਲਿਤ ਸਵੈ-ਜੀਵਨੀਆਂ ਦਾ ਅਧਿਐਨ ਕੀਤਾ ਜਾਂਦਾ ਤਾਂ ਇਹ ਜੀਵਨੀਆਂ ਵੱਖ-ਵੱਖ ਲੇਖਕਾਂ ਦੀਆਂ ਹੋਣ ਦੇ ਬਾਵਜੂਦ ਵੀ ਦਲਿਤ ਪਛਾਣ ਦੇ ਸੰਕਟ ਨੂੰ ਉਭਾਰਦੀਆਂ ਹਨ। ਦਲਿਤ ਸਵੈ-ਜੀਵਨੀਆਂ ਵਿੱਚ ਊਚ-ਨੀਚ, ਭੇਦ-ਭਾਵ, ਛੂਤ-ਛਾਤ ਆਦਿ ਸੰਕਲਪਾਂ ਨੂੰ ਨੰਗਾ ਕੀਤਾ ਗਿਆ ਹੈ। ਸਮਾਜ ਵਿੱਚ ਹੋ ਰਹੀ ਕਾਣੀ ਵੰਡ ਨੂੰ ਭੋਗਣ ਵਾਲਾ ਲੇਖਕ ਆਪਣੀ ਸਵੈ-ਜੀਵਨੀ ਵਿੱਚ ਸਮਾਜ ਦੀ ਅਸਲ ਝਲਕ ਪੇਸ਼ ਕਰਦਾ ਹੈ। ਜਿੱਥੇ ਸਾਹਿਤ ਦੇ ਕਵਿਤਾ, ਕਹਾਣੀ, ਨਾਵਲ ਆਦਿ ਵਿਧਾ ਵਿੱਚ ਦਲਿਤ ਦੇ ਮੁੱਦੇ ਪੇਸ਼ ਕੀਤੇ ਗਏ ਉੱਥੇ ਦਲਿਤ ਵਰਗ ਨਾਲ ਸੰਬੰਧਿਤ ਲੇਖਕਾਂ ਨੇ ਸਵੈ-ਜੀਵਨੀ ਵਿੱਚ ਵੀ ਇਨ੍ਹਾਂ ਮੁੱਦਿਆਂ ਨੂੰ ਉਭਾਰਿਆ। ਜੀਵਨੀ ਸਾਹਿਤ ਵਿੱਚ ਜਿੱਥੇ ਲੇਖਕਾਂ ਨੇ ਉੱਚੇ ਵਰਗ ਦੇ ਲੋਕਾਂ ਨੇ ਨਿਮਨ ਵਰਗ ਦੇ ਲੋਕਾਂ ਨੂੰ ਦੁਰਕਾਰਨ, ਭੈੜੇ ਵਿਵਹਾਰ ਕਰਨ ਨੂੰ ਪੇਸ਼ ਕੀਤਾ ਉੱਥੇ ਨਾਲ ਹੀ ਦਲਿਤ ਵਰਗ ਦੇ ਭੂਮੀਹੀਣ, ਵਸਤੂ ਹੀਣ, ਸਾਧਨ ਹੀਣ ਹੋਣ ਕਾਰਨ ਆਰਥਿਕ ਦਸ਼ਾ ਨੂੰ ਵੀ ਬਿਆਨਿਆ ਹੈ।

ਦਲਿਤ ਵਰਗ ਨਾਲ ਸੰਬੰਧਿਤ ਲੇਖਕਾਂ ਨੇ ਦਲਿਤ ਵਰਗ 'ਤੇ ਹੁੰਦੇ ਅੱਤਿਆਚਾਰ ਅਤੇ ਸਮੱਸਿਆਵਾਂ ਨੂੰ ਕਲਮ ਬੱਧ ਕੀਤਾ। ਦਲਿਤ ਵਰਗ ਦੇ ਲੇਖਕ ਲਾਲ ਸਿੰਘ ਦਿਲ ਦੀ ਸਵੈ-ਜੀਵਨੀ ਦਾਸਤਾਨ, ਬਲਬੀਰ ਮਾਧੋਪੁਰੀ ਦੀ ਛਾਂਗਿਆ ਰੁੱਖ, ਸੰਤੋਖ ਸਿੰਘ ਧੀਰ ਦੀ ਬ੍ਰਹਿਸਪਤੀ, ਜਿੰਦਰ ਦੀ ਕਵਾਸੀ ਰੋਟੀ ਅਤੇ ਗੁਰਦਿਆਲ ਸਿੰਘ ਦੀ ਨਿਆਣ ਮੱਤੀਆਂ, ਦੂਜੀ ਦੇਹੀ ਦਲਿਤ ਦੇ ਮੁੱਦਿਆਂ ਨੂੰ ਉਭਾਰਦੀਆਂ ਹਨ।

ਦਾਸਤਾਨ, ਛਾਂਗਿਆ ਰੁੱਖ, ਗੈਰ ਹਾਜ਼ਿਰ ਆਦਮੀ ਵਿੱਚ ਜਾਤ-ਪਾਤ, ਛੂਤ-ਛਾਤ, ਊਚ-ਨੀਚ ਤੇ ਭਿੱਟ ਵਰਗੇ ਸ਼ਬਦਾਂ ਦਾ ਜ਼ਿਕਰ ਆਉਂਦਾ ਹੈ ਜੋ ਦਲਿਤ ਦੇ ਪਛਾਣ ਚਿੰਨ੍ਹ ਹਨ। ਅਕਸਰ ਹੀ ਸਾਹਿਤ ਦੀ ਇਸ ਵਿਧਾ ਵਿੱਚ ਰਚਨਹਾਰਾ ਆਪਣੀ ਜ਼ਿੰਦਗੀ ਵਿੱਚ ਇਹ ਸਭ ਕੁੱਝ ਭੋਗਦਾ ਹੈ ਤੇ ਉਸ ਅਨੁਭਵ ਨੂੰ ਕਲਮ ਬੱਧ ਕਰਦਾ ਹੈ। ਵਿਧਾ ਦੇ ਇਸ ਪਰਿਪੇਖ ਨੂੰ ਵਾਚਦੇ ਦਲਿਤ ਵਰਗ ਦੇ ਹਿੱਸੇ ਆਏ ਧੰਦੇ ਵੀ ਉਨ੍ਹਾਂ ਦੀ ਸਮਾਜਿਕ ਸਥਿਤੀ ਮੁਤਾਬਿਕ ਹਨ। ਜਿਵੇਂ ਦਿਹਾੜੀਆਂ ਕਰਨਾ, ਫ਼ੈਕਟਰੀਆਂ ਵਿੱਚ ਲੇਬਰ ਕਰਨੀ, ਮਰੇ ਪਸ਼ੂ ਚੁੱਕਣਾ, ਪਾਣੀ ਭਰਨਾ, ਬੋਰੀਆਂ ਢੋਣਾ, ਪਸ਼ੂਆਂ ਲਈ ਵੱਟਾਂ ਤੋਂ ਘਾਹ ਖੋਤਣਾ, ਖੇਤਾਂ ਵਿੱਚ ਜੱਟਾਂ ਦੇ ਮਦਦਗਾਰ ਸੀਰੀ ਆਦਿ ਕਿੱਤਿਆਂ ਨੂੰ ਕਰਨ ਵਾਲੇ ਦਲਿਤ ਹੀ ਹਨ।

ਸਵੈ-ਜੀਵਨੀ ਸਾਹਿਤ ਦਾ ਪੰਜਾਬੀ ਸਾਹਿਤ ਵਿੱਚ ਬਹੁਤ ਵੱਡਾ ਮਹੱਤਵ ਹੈ। ਸਵੈ-ਜੀਵਨੀ ਪੰਜਾਬੀ ਵਾਰਤਕ ਦੀ ਅਜਿਹੀ ਬਿਰਤਾਂਤਕ ਵਿਧਾ ਹੈ ਜਿਸ ਦਾ ਸਾਹਿਤ ਦੀਆਂ ਹੋਰਨਾਂ ਵਿਧਾਵਾਂ ਦੇ ਮੁਕਾਬਲੇ ਚਰਚਾ ਘੱਟ ਹੋਈ ਹੈ। ਪਰ ਫਿਰ ਵੀ ਪੰਜਾਬੀ ਵਿਚ ਸਵੈ-ਜੀਵਨੀਆਂ ਦਾ ਇੱਕ ਲੰਮਾ ਇਤਿਹਾਸ ਮਿਲਦਾ ਹੈ ਆਧੁਨਿਕ ਪੰਜਾਬੀ ਸਵੈ-

ਜੀਵਨੀ ਦੇ ਇਤਿਹਾਸ ਵਿੱਚ ਦਲਿਤ ਸਵੈ-ਜੀਵਨੀਆਂ ਦਾ ਜ਼ਿਕਰ ਵੀ ਆਉਂਦਾ ਹੈ। ਸਵੈ-ਜੀਵਨੀ ਸਵੈ ਦਾ ਪ੍ਰਗਟਾ ਕਰਨ ਦੀ ਵਿਧਾ ਹੀ ਨਹੀਂ ਸਗੋਂ ਸਮਾਜ ਬਲਕਿ ਸਵੈ ਅਤੇ ਸਮਾਜ ਦੇ ਆਪਸੀ ਦਵੰਦਾਂ ਅਤੇ ਯੁੱਗ ਦੀ ਯਥਾਰਥਕ ਦੇ ਗਤੀਸ਼ੀਲ ਤਣਾਓ, ਵਿਰੋਧਾਂ,ਅਤੇ ਟਕਰਾਅ ਦੇ ਰਿਸ਼ਤਿਆਂ ਦਾ ਪ੍ਰਗਟਾ ਹੁੰਦੀ ਹੈ। ਸਮਾਜ ਦਾ ਹਰ ਇੱਕ ਪ੍ਰਾਣੀ ਸਵੈਮਾਨ ਦਾ ਭੁੱਖਾ ਹੁੰਦਾ ਹੈ। ਰੋਟੀ ਦੀ ਭੁੱਖ ਦੇ ਨਾਲ-ਨਾਲ ਸਤਿਕਾਰ ਤੇ ਸਵੈਮਾਨ ਦੀ ਭਾਲ ਵੀ ਇਨਸਾਨ ਦੀ ਫ਼ਿਤਰਤ ਰਹੀ ਹੈ। ਸੰਖੇਪ ਵਿੱਚ ਸਵੈ-ਜੀਵਨੀ ਕਿਸੇ ਲੇਖਕ ਦੀ ਸ਼ਖ਼ਸੀਅਤ ਦੀ ਸਫ਼ਲਤਾ-ਅਸਫ਼ਲਤਾ ਵਿੱਚ ਆਈਆਂ ਰੁਕਾਵਟਾਂ, ਪ੍ਰੇਰਨਾਵਾਂ, ਸੰਗੀਆਂ, ਸਾਥੀਆਂ, ਬਚਪਨ, ਜੁਆਨੀ, ਬੁਢਾਪੇ ਆਦਿ ਦਾ ਯਾਦਾਂ ਰਾਹੀਂ ਸਿਰਜਿਆ ਇੱਕ ਜੀਵਨ ਬਿਰਤਾਂਤ ਹੈ।[3] ਸਵੈ-ਜੀਵਨੀ ਵਿੱਚ ਲੇਖਕ ਦਾ ਨਿੱਜੀ ਅਨੁਭਵ, ਤਜਰਬਾ ਅਤੇ ਸੱਚ ਹੁੰਦਾ ਹੈ। ਜੇਕਰ ਕਿਸੇ ਲੇਖਕ ਦੀ ਦ੍ਰਿਸ਼ਟੀਕੋਣ ਜਾਂ ਜੀਵਨ ਬਾਰੇ ਜਾਣਨਾ ਹੋਵੇ ਤਾਂ ਸਵੈ-ਜੀਵਨੀ ਅਤਿ ਜ਼ਰੂਰੀ ਹੈ ਕਿਉਂਕਿ ਇਸ ਵਿੱਚ ਲੇਖਕ ਦੀ ਸਫ਼ਲਤਾ-ਅਸਫ਼ਲਤਾ, ਕਮੀਆਂ, ਸੰਘਰਸ਼ ਆਦਿ ਦੀ ਸੱਚੀ ਪੇਸ਼ਕਾਰੀ ਹੁੰਦੀ ਹੈ। ਅਕਸਰ ਇਹ ਸਮਝ ਲਿਆ ਜਾਂਦਾ ਹੈ ਕਿ ਸਵੈ-ਜੀਵਨੀ ਵਿੱਚ ਨਿਰੋਲ ਸਚਾਈ ਤੇ ਜੀਵਨ ਵੇਰਵੇ ਹਨ ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਲੇਖਕ ਨੇ ਵਰਤਮਾਨ ਵਿੱਚ ਰਹਿ ਕੇ ਭੂਤ ਦੀਆਂ ਘਟਨਾਵਾਂ ਨੂੰ ਕਲਮਬੱਧ ਕਰਨਾ ਹੁੰਦਾ ਹੈ ਤੇ ਉਹ ਇਹ ਵੀ ਨਿਰਨਾ ਲੈਂਦਾ ਹੈ ਕਿ ਕਿਹੜੀ ਘਟਨਾ ਸਵੈ-ਜੀਵਨੀ ਵਿੱਚ ਸ਼ਾਮਿਲ ਕਰਨੀ ਹੈ ਤੇ ਕਿਹੜੀ ਨਹੀਂ। ਕਲਪਨਾ ਦਾ ਸਹਾਰਾ ਲੈ ਕੇ ਲੇਖਕ ਆਪਣੀ ਜ਼ਿੰਦਗੀ ਤਜਰਬਿਆਂ, ਅਨੁਭਵਾਂ, ਔਕੜਾਂ, ਸਫਲਤਾਵਾਂ, ਅਸਫਲਤਾਵਾਂ ਆਦਿ ਦਾ ਵਰਣਨ ਕਰਦਾ ਹੈ। ਜਿਸ ਨਾਲ ਸਵੈ-ਜੀਵਨੀ ਪ੍ਰੇਰਨਾਦਾਇਕ ਬਣਨ ਦੇ ਨਾਲ-ਨਾਲ ਰੋਚਕ ਤੇ ਰਸ ਭਰਪੂਰ ਵੀ ਬਣ ਜਾਂਦੀ ਹੈ।

ਲਾਲ ਸਿੰਘ ਦਿਲ ਦੀ ਸਵੈ-ਜੀਵਨੀ 'ਦਾਸਤਾਨ' ਵਿੱਚ ਵੀ ਸਮਾਜ ਵਿੱਚ ਜਾਤ-ਪਾਤ, ਊਚ-ਨੀਚ, ਭੇਦ-ਭਾਵ ਤੇ ਭਿੱਟ ਆਦਿ ਦੇ ਮਸਲੇ ਸਾਹਮਣੇ ਆਉਂਦੇ ਹਨ। ਲਾਲ ਸਿੰਘ ਦਿਲ ਨੇ ਸਵੈ-ਜੀਵਨੀ ਵਿੱਚ ਹੋ ਰਹੀ ਭੇਦ ਭਾਵ ਭਰੀ ਜ਼ਿੰਦਗੀ ਨੂੰ ਬਿਆਨਿਆਂ ਹੈ। ਦਿਲ ਦੀ ਸਵੈ-ਜੀਵਨੀ ਵਿੱਚ ਜਾਤੀ ਵਿਤਕਰਿਆਂ ਦੀ ਇੱਕ ਲੰਮੀ ਦਾਸਤਾਨ ਹੈ।

ਦਿਲ ਦੀ ਸਵੈ-ਜੀਵਨੀ ਜਿੱਥੇ ਜਾਤੀ ਭੇਦ-ਭਾਵ ਦੇ ਮਸਲਿਆਂ ਨੂੰ ਬਿਆਨ ਦੀ ਹੈ ਉੱਥੇ ਬਲਬੀਰ ਮਾਧੋਪੁਰੀ ਦੀ ਛਾਂਗਿਆ ਰੁੱਖ, ਸੰਤੋਖ ਸਿੰਘ ਧੀਰ ਦੀ ਬ੍ਰਹਿਸਪਤੀ, ਪ੍ਰੇਮ ਗੋਰਕੀ ਦੀ ਰਚਨਾ 'ਗੈਰ-ਹਾਜ਼ਰ ਆਦਮੀ', ਗੁਰਦਿਆਲ ਸਿੰਘ ਦੀ ਨਿਆਣਮੱਤੀਆਂ ਤੇ ਦੂਜੀ ਦੇਹੀ ਵੀ ਸਮਾਜ ਦੇ ਭੇਦ-ਭਾਵ, ਜਾਤ-ਪਾਤ, ਛੂਤ-ਛਾਤ ਦੇ ਵਿਤਕਰਿਆਂ ਨੂੰ ਬਿਆਨ ਕਰਦੀਆਂ ਹਨ। ਧੀਰ ਨੇ ਇਸ ਸਥਿਤੀ ਨੂੰ ਆਪਣੀ ਸਵੈ-ਜੀਵਨੀ ਵਿੱਚ ਅੰਕਿਤ ਕਵਿਤਾਵਾਂ ਇੱਕ ਫੁੱਲ ਦਾ ਬਿਆਨ, ਦੀਵੇ ਵਾਂਗ ਬਲਿਆ ਹਾਂ, ਸਨਮਾਨ ਆਦਿ ਵਿੱਚ ਪ੍ਰਗਟ ਕੀਤਾ ਹੈ-

ਮੈਂ ਦੀਵੇ ਵਾਂਗ ਬਲਿਆ ਹਾਂ

ਕਦੇ ਬੱਤੀ ਸੁੱਕ ਜਾਂਦੀ

ਕਦੇ ਤੇਲ ਮੁੱਕ ਜਾਂਦਾ

ਮੈਂ ਹੱਸਿਆ ਹਾਂ

ਮੈਂ ਰੋਇਆ ਹਾਂ[4]

ਮੈਨੂੰ ਕਿਸੇ ਨੇ ਨਹੀਂ ਬਿਜਿਆ

ਨਾ ਗੋਡਿਆ

ਨਾ ਸਿੰਜਿਆ

ਜ਼ਮੀਨ ਵੀ ਬੜੀ ਕਰੜੀ ਸੀ

ਪਰ ਫਿਰ ਵੀ ਉੱਗ ਪਿਆ

ਕਿੰਨਾ ਵੱਡਾ ਸਨਮਾਨ ਹੈ ਇਹ

ਜਿਹੜੀ ਅਕਾਸ਼ ਦੀ ਛੱਤ ਥੱਲੇ ਸੌਂਦੇ ਹਨ

ਧਰਤੀ ਦੇ ਵਿਛੌਣੇ ਉੱਤੇ

ਉਨ੍ਹਾਂ ਨਾਲ ਹੋਣਾ[5]

ਜਾਤੀ ਵਿਤਕਰੇ ਦੇ ਦਰਦ, ਤੰਗੀਆਂ, ਕੰਗਾਲੀਆਂ, ਛੂਤ-ਛਾਤ, ਰਿਸ਼ਤਿਆਂ ਵਿਚੋਂ ਮੁੱਕਦੇ ਮੋਹ ਆਦਿ ਵਿਸ਼ੇ ਦਲਿਤ ਸਵੈ-ਜੀਵਨੀਆਂ ਵਿੱਚ ਝਲਕ ਦੇ ਹਨ। ਲੇਖਕ ਜਿੱਥੇ ਬੀਤੇ ਵਿਤਕਰਿਆਂ ਨੂੰ ਕਲਮਬੱਧ ਕਰਦਾ ਹੈ ਉੱਥੇ ਪਾਠਕਾਂ ਲਈ ਪ੍ਰੇਰਨਾਦਾਇਕ ਵੀ ਬਣਦਾ ਹੈ।

---

1 ਭੀਮ ਇੰਦਰ ਸਿੰਘ, ਦਲਿਤ ਚਿੰਤਨ ਮਾਰਕਸੀ ਪਰਿਪੇਖ, ਪੰਨਾ- 151

2 ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੰਨਾ-154

3 ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੰਨਾ-160

4 ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੰਨਾ-164,165

5 ਉਹੀ, ਪੰਨਾ-164-165

# ਅਧਿਆਇ-ਤੀਜਾ

# ਪੰਜਾਬੀ ਸਵੈ ਜੀਵਨੀ ਵਿੱਚ ਪੇਸ਼ ਦਲਿਤ ਦ੍ਰਿਸ਼ਟੀ ਗਲਪੀ ਯਥਾਰਥ

## 3.1 ਜਾਗੀਰਦਾਰ ਤੇ ਕਿਸਾਨੀ ਵਰਗ ਵਿਚਲਾ ਸੰਘਰਸ਼

ਭਾਰਤੀ ਸਮਾਜ ਸ਼ੁਰੂ ਤੋਂ ਹੀ ਜਾਗੀਰਦਾਰੀ ਰਜਵਾੜਾਸ਼ਾਹੀ ਵਰਗ ਦਾ ਹੱਥ ਠੋਕਾ ਰਿਹਾ ਹੈ। ਕਿਰਤ ਦਾ ਸ਼ੋਸ਼ਣ ਸ਼ੁਰੂ ਤੋਂ ਹੀ ਹੁੰਦਾ ਆ ਰਿਹਾ ਹੈ।ਜਾਗੀਰਦਾਰ ਕਿਸਾਨਾਂ ਦੀ ਮਿਹਨਤ ਕਿਰਤ ਤੇ ਹੱਕ ਅਜ਼ਮਾਈ ਕਰਦੇ ਹਨ ਜਿਸ ਦੇ ਵਿਰੋਧ ਵਿੱਚ ਕਈ ਸਾਹਿਤਕਾਰਾਂ, ਸਮਾਜ ਸੁਧਾਰਕਾਂ ਆਦਿ ਨੇ ਨਾਹਰੇ ਲਗਾਏ। ਲੋਕਾਂ ਨੂੰ ਚੇਤੰਨ ਕੀਤਾ, ਸੰਘਰਸ਼ ਲਈ, ਆਪਣੇ ਹੱਕਾਂ ਲਈ, ਜਾਗਰੂਕ ਕੀਤਾ। ਭਾਰਤੀ ਸਮਾਜ ਸਮੁੱਚੇ ਤੌਰ ਤੇ ਜਾਤਾਂ-ਪਾਤਾਂ, ਵਰਗਾਂ,ਧਰਮਾਂ, ਮਜ਼੍ਹਬਾਂ, ਭਾਸ਼ਾਵਾਂ ਅਤੇ ਬੋਲੀਆਂ ਵਿਚਕਾਰ ਵੰਡਿਆ ਹੋਇਆ ਹੈ।

ਇਨ੍ਹਾਂ ਵੰਡੀਆਂ ਦਾ ਸਤਾਇਆ ਮਨੁੱਖ ਹਮੇਸ਼ਾ ਹੀ ਸ਼ੋਸ਼ਿਤ ਹੁੰਦਾ ਆ ਰਿਹਾ ਹੈ।ਸਮਾਜ ਦੀਆਂ ਇਨ੍ਹਾਂ ਵੰਡਾਂ ਦੀ ਵਿਰੋਧਤਾ ਕਰਦਿਆਂ ਪ੍ਰਗਤੀਵਾਦੀ ਧਾਰਾ ਦੇ ਲੇਖਕ ਆਪਣੇ ਵਿਚਾਰ ਪੇਸ਼ ਕੀਤੇ।

ਕੁੱਝ ਪਾਈਆਂ ਵਿੱਥਾਂ ਵਰਨ ਦੀਆਂ

ਕੁਝ ਵਾਹੀਆਂ ਲੀਕਾਂ ਧਰਮ ਦੀਆਂ

ਫਿਰ ਕੰਧਾਂ ਕਰਮ ਕੁਕਰਮ ਦੀਆਂ

ਫਿਰ ਧੁੰਧਾਂ ਅੰਨ੍ਹੇ ਭਰਮ ਦੀਆਂ

ਫਿਰ ਵਿੱਥਾਂ ਲਿਪੀ ਜ਼ੁਬਾਨ ਦੀਆਂ

ਫਿਰ ਪਹਿਰਾਵੇ ਤੇ ਵੇਸ ਦੀਆਂ

ਫਿਰ ਸਭਿਅਤਾ ਸਭਿਆਚਾਰ ਦੀਆਂ

ਫਿਰ ਦੇਸ਼ ਤੇ ਪਰਦੇਸ ਦੀਆਂ।[1]

## Balbir Madhopuri Rachit Svejivni 'Changia Rukh' vich pesh Dalit Drishty da Adhyan

ਅੱਜ ਕੱਲ੍ਹ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀ ਸੰਸਾਰ ਉੱਪਰ ਫੈਲੀ ਵਿਚਾਰਧਾਰਾ ਅਤੇ ਆਰਥਿਕ ਵਿਕਾਸ ਕਾਰਨ ਭਾਰਤੀ ਆਰਥਿਕਤਾ ਨੂੰ ਸੰਸਾਰ ਦੀ ਸਮੁੱਚੀ ਆਰਥਿਕਤਾ ਦੇ ਵਿਕਾਸ ਦੇ ਪ੍ਰਸੰਗ ਵਿੱਚ ਹੀ ਵਧੇਰੇ ਸਹੀ ਦ੍ਰਿਸ਼ਟੀਕੋਣ ਤੋਂ ਸਮਝਿਆ ਜਾ ਸਕਦਾ ਹੈ।[2]

ਭਾਰਤ ਦੀ ਬਹੁਤੀ ਵਸੋਂ ਪਿੰਡਾਂ ਵਿੱਚ ਵੱਸਦੀ ਹੈ ਪਿੰਡਾਂ ਵਿੱਚ ਆਰਥਿਕ ਜ਼ਿਆਦਾਤਰ ਖੇਤੀ 'ਤੇ ਅਧਾਰਿਤ ਹੈ। ਖੇਤੀ ਅਧਾਰਿਤ ਸਮਾਜ ਹੋਣ ਕਾਰਨ ਸਮਾਜ ਦੀਆਂ ਸਮੱਸਿਆਵਾਂ ਵੀ ਇਸੇ ਘੇਰੇ ਵਿੱਚ ਘੁੰਮਦੀਆਂ ਹਨ। ਕਿਸਾਨੀ ਜੀਵਨ ਵਿੱਚ ਅਨੇਕਾਂ ਔਕੜਾਂ, ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ। ਬੜੀ ਅਚੰਭਿਤ ਕਰਨ ਵਾਲੀ ਗੱਲ ਇਹ ਹੈ ਕਿ ਕਿਸਾਨ ਸਾਰੀ ਉਮਰ ਮਿਹਨਤ ਕਰਦਾ, ਮਿੱਟੀ ਨਾਲ ਮਿੱਟੀ ਹੁੰਦਾ, ਫਿਰ ਵੀ ਆਰਥਿਕ ਪੱਖੋਂ ਕੰਗਾਲ ਰਹਿੰਦਾ। ਇਸ ਪਿੱਛੇ ਕਈ ਕਾਰਨ ਹਨ, ਇੱਕ ਤਾਂ ਕਿਸਾਨਾਂ ਦਾ ਅਨਪੜ੍ਹ ਹੋਣਾ, ਦੂਜਾ ਕਿਸਾਨਾਂ ਦੀ ਦਿਖਾਵਾਪ੍ਰਸਤ ਰੁਚੀ ਤੇ ਤੀਜਾ ਮੁੱਖ ਕਾਰਨ ਜਾਗੀਰਦਾਰਾਂ ਦੀ ਲੁੱਟ-ਖਸੁੱਟ। ਕਿਸਾਨਾਂ ਦੇ ਅਨਪੜ੍ਹ ਹੋਣ ਕਾਰਨ ਉਹ ਖੇਤੀ ਨੂੰ ਨਵੇਂ ਢੰਗ ਤਰੀਕਿਆਂ ਤੇ ਆਧੁਨਿਕ ਮਸ਼ੀਨੀ ਖੇਤੀ ਤੋਂ ਅਣਜਾਣ ਰਹਿੰਦੇ ਹਨ। ਜਿਸ ਕਾਰਨ ਉਹ ਪਰੰਪਰਾਗਤ ਢੰਗ ਨਾਲ ਖੇਤੀ ਕਰਦੇ ਤੇ ਫ਼ਸਲ ਦਾ ਝਾੜ ਵੀ ਘੱਟ ਹੁੰਦਾ। ਅਨਪੜ੍ਹਤਾ ਕਾਰਨ ਕਿਸਾਨੀ ਜੀਵਨ ਨੂੰ ਇੱਕ ਹੋਰ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ । ਕਿਸਾਨ ਸ਼ਾਹੂਕਾਰਾਂ ਤੋਂ ਖੇਤੀ ਨੂੰ ਪ੍ਰਫੁਲਿਤ ਕਰਨ ਲਈ ਕਰਜ਼ਾ ਲੈਂਦੇ। ਪਰ ਕਰਜ਼ੇ ਦੀ ਸਮਝ ਕਿਸਾਨ ਦੇ ਪੱਲੇ ਨਹੀਂ ਪੈਂਦੀ। ਅਨਪੜ੍ਹ ਤੇ ਜਾਗਰੂਕ ਨਾ ਹੋਣ ਕਾਰਨ ਉਹ ਸ਼ਾਹੂਕਾਰਾਂ ਦੇ ਧੱਕੇ ਚੜ੍ਹਦੇ, ਜਿਸ ਕਾਰਨ ਉਨ੍ਹਾਂ ਦੀ ਆਰਥਿਕ ਹਾਲਤ ਤਰਸਯੋਗ ਰਹਿੰਦੀ। ਨਿਮਨ ਕਿਸਾਨੀ ਵਰਗ ਲਈ ਤਾਂ ਇਹ ਹੋਰ ਵੀ ਘਾਤਕ ਸਮੱਸਿਆ ਦਾ ਰੂਪ ਧਾਰਨ ਕਰ ਲੈਂਦੀ। ਨਿਮਨ ਕਿਸਾਨੀ ਵਰਗ ਆਪਣੀ ਖੇਤੀ ਨੂੰ ਵਧਾਉਣ ਲਈ ਕਰਜ਼ਾ ਲੈਂਦੇ ਪਰ ਉਹ ਕਰਜ਼ਾ ਕਈ ਸਾਲਾਂ ਤੱਕ ਚੜ੍ਹਿਆ ਰਹਿੰਦਾ ਤੇ ਉੱਤੋਂ ਜਗੀਰਦਾਰਾਂ ਦੀ ਲੁੱਟ ਦਾ ਸ਼ਿਕਾਰ ਬਣਦੇ। ਹਾੜ੍ਹੀ-ਸਾਉਣੀ ਦੀਆਂ ਫ਼ਸਲਾਂ ਵਿੱਚੋਂ ਅੱਧ ਨਾਲੋਂ ਵੱਧ ਫ਼ਸਲ ਜਾਗੀਰਦਾਰਾਂ ਦੇ ਝੋਲੀ ਪੈਂਦੀ।

ਵਾਹੀਏ, ਬੀਜੀਏ, ਸਿੰਜੀਏ, ਵੱਢੀਏ,

ਗਾਹੀਏ ਤੇ ਕਰੀਏ ਕੱਠੜਾ ਵੇ ਹੋ ,

ਆਵੇ ਤੇ ਸਭ ਕੁੱਝ ਹੂੰਝ ਲਿਜਾਵੇ,

ਮੁੱਢ ਤੋਂ ਏਹੋ ਝਗੜਾ ਵੇ ਹੋ।[3]

ਜਿਹਨਾਂ ਖੇਤੀਆਂ ਨੂੰ ਹਰੀਆਂ ਕਰ ਗਿਓ ਤੂੰ,

ਵੱਧ ਉਸ ਤੋਂ ਫੁਲਦੀਆਂ ਫਲਦੀਆਂ ਨੇ।

ਪਰ ਦਾਣਾ ਇੱਕ ਨਾ ਉਹਨਾਂ ਦੇ ਹੱਥ ਆਉਂਦਾ,

ਲਹੂ ਪੀ ਕੇ ਜਿਹਨਾਂ ਦਾ ਪਲਦੀਆਂ ਨੇ।[4]

ਇਹ ਜਾਗੀਰਦਾਰ ਬਿਨਾਂ ਮਿਹਨਤ ਕੀਤਿਆਂ ਸਿਰਫ਼ ਭੂਮੀ ਦੀ ਮਲਕੀਅਤ ਹੋਣ ਕਾਰਨ ਕਿਸਾਨ ਦੀ ਮਿਹਨਤ ਦੁਆਰਾ ਪੈਦਾ ਕੀਤੀ ਫ਼ਸਲ ਦਾ ਜ਼ਿਆਦਾਤਰ ਭਾਗ ਹਥਿਆ ਲੈਂਦੇ। ਜਿਸ ਕਾਰਨ ਕਿਸਾਨ ਬੇਵੱਸ, ਲਾਚਾਰ ਤੇ ਮਜਬੂਰ ਹੋ ਜਾਂਦਾ। ਕਿਸਾਨ ਦੀ ਆਰਥਿਕ ਮੰਦਹਾਲੀ ਦਾ ਦੂਜਾ ਕਾਰਨ ਜੇਕਰ ਦਿਖਾਵਾਪ੍ਰਸਤ ਰੁਚੀ ਨੂੰ ਮੰਨੀਏ ਤਾਂ ਇਹ ਕਾਰਨ ਵੀ ਕੁੱਝ ਹੱਦ ਤੱਕ ਕਿਸਾਨਾਂ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰਦਾ ਹੈ। ਪੰਜਾਬ ਦੇ ਵਸਿੰਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਹਨ। ਇਹ ਖੁੱਲ੍ਹ-ਡੁੱਲ੍ਹ ਹੀ ਕਿਸਾਨਾਂ ਦੀ ਦਿਖਾਵਾ ਪ੍ਰਸਤ ਰੁਚੀ ਨੂੰ ਵਧਾਉਂਦੇ ਹਨ। ਕਿਸਾਨ ਕੋਲ ਬੇਸ਼ੱਕ ਖ਼ੁਸ਼ੀ ਦੇ ਮੌਕੇ 'ਤੇ ਪੂੰਜੀ ਦਾ ਦਿਖਾਵਾ ਕਰਨ ਲਈ ਕੋਈ ਸਾਧਨ ਨਹੀਂ ਬਚਦਾ ਪਰ ਫਿਰ ਵੀ ਉਹ ਸ਼ਾਹੂਕਾਰਾਂ ਤੋਂ ਕਰਜ਼ਾ ਲੈ ਕੇ ਆਪਣੀ ਦਿਖਾਵੇ ਦੀ ਰੁਚੀ ਨੂੰ ਪੂਰਾ ਕਰਦੇ ਜਾਂ ਫਿਰ ਇੰਝ ਕਹਿ ਲਓ ਕਿ ਅੱਡੀਆਂ ਚੁੱਕ ਕੇ ਫਾਹਾ ਲੈਂਦੇ। ਬੇਸ਼ੱਕ ਮਿਹਨਤ ਕੀਤਿਆਂ ਸਮਾਂ ਪਾ ਕੇ ਕਰਜ਼ਾ ਉਤਾਰ ਦਿੰਦੇ ਪਰ ਕਰਜ਼ਾ ਲੈਣ ਤੇ ਕਰਜ਼ਾ ਵਾਪਸ ਕਰਨ ਦੇ ਵਿਚਕਾਰਲੇ ਸਮੇਂ ਵਿੱਚ ਕਿਸਾਨ ਨੂੰ ਬੜੀਆਂ ਮੁਸ਼ਕਿਲ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਿਹਨਤ ਨਾਲ ਖੱਟੀ ਕਮਾਈ ਕਰਜ਼ੇ ਦੇ ਰੂਪ ਵਿੱਚ ਹੱਥੋਂ ਖੁੰਝਦੀ ਗਈ। ਇਹ ਕਾਰਨ ਬੇਸ਼ੱਕ ਕਿਸਾਨ ਦੇ ਜੀਵਨ ਨੂੰ ਉਘਾੜਦਾ ਹੈ ਪਰ ਇਸ ਦੇ ਨਾਲ ਜਾਗੀਰਦਾਰ ਪ੍ਰਬੰਧ ਦ ਲੁੱਟ-ਖਸੁੱਟ ਦਾ ਮੁੱਦਾ ਵੀ ਸਾਹਮਣੇ ਆਉਂਦਾ ਹੈ। ਜਗੀਰਦਾਰਾਂ ਦੀ ਲੁੱਟ-ਖਸੁੱਟ ਇਸ ਹੱਦ ਤੱਕ ਵੱਧ ਗਈ ਕਿ ਅੱਜ ਦਾ ਕਿਸਾਨ ਖ਼ੁਦਕ਼ਸ਼ੀਆਂ ਕਰਨ ਦੇ ਰਾਹ ਤੁਰ ਪਿਆ। ਇਹ ਦੁੱਖ ਜਾਗੀਰਦਾਰ ਨਹੀਂ ਬਲਕਿ ਉਹ ਵਰਗ ਹੀ ਸਮਝੇਗਾ ਜੋ ਮਿਹਨਤ ਨਾਲ ਕੀਤੀ ਕਮਾਈ ਨੂੰ ਹੱਥੋਂ ਗਵਾ ਲੈਂਦਾ।

ਜਾਗੀਰਦਾਰਾਂ ਦੀਆਂ ਚਾਲਾਂ ਨੂੰ ਪਲਟੀ ਮਾਰਨ ਲਈ ਕਿਸਾਨ ਦਾ ਪੜ੍ਹਿਆ ਲਿਖਿਆ ਤੇ ਜਾਗਰੂਕ ਹੋਣਾ ਅਤਿ ਜ਼ਰੂਰੀ ਹੈ। ਕਿਉਂਕਿ ਮੁੱਢ ਤੋਂ ਹੀ ਜਗੀਰਦਾਰ ਕਿਸਾਨਾਂ ਦੀ ਲੁੱਟ ਕਰਦਾ ਆ ਰਿਹਾ ਜਿਸ ਕਾਰਨ ਕਿਸਾਨ ਦਾ ਜਾਗੀਰਦਾਰਾਂ ਵਿਰੁੱਧ ਖਿੱਚੋਤਾਣ ਬਣਿਆ ਰਹਿੰਦਾ। ਸਿੱਟੇ ਵਜੋਂ ਕਿਸਾਨਾਂ ਦਾ ਜਾਗੀਰਦਾਰਾਂ ਦੇ ਵਿਰੁੱਧ ਸੰਘਰਸ਼ ਚਲਦਾ। ਜਾਗੀਰਦਾਰਾਂ ਦੀ ਲੁੱਟ-ਖਸੁੱਟ ਨੂੰ ਦੇਖਦਿਆਂ ਬਹੁਤ ਸਾਰੇ ਸਾਹਿਤਕਾਰਾਂ ਨੇ ਰਚਨਾਵਾਂ

ਲਿਖੀਆਂ। ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿੱਚ ਕਿਸਾਨ ਵਰਗ ਦੀ ਤ੍ਰਾਸਦੀ ਨੂੰ ਪੇਸ਼ ਕੀਤਾ। ਪੰਜਾਬੀ ਸਾਹਿਤ ਦੀ ਹਰ ਇੱਕ ਵਿਧਾ ਜਿਵੇਂ ਕਹਾਣੀ, ਨਾਵਲ, ਨਾਟਕ, ਕਵਿਤਾ ਆਦਿ ਵਿੱਚ ਜਾਗੀਰਦਾਰਾਂ ਦੀ ਲੁੱਟ ਖਸੁੱਟ ਤੇ ਕਿਸਾਨ ਵਰਗ ਦੀ ਚਿੰਤਾਜਨਕ ਸਥਿਤੀ ਦੀ ਪੇਸ਼ਕਾਰੀ ਕੀਤੀ। ਇਨ੍ਹਾਂ ਸਾਹਿਤਕਾਰਾਂ ਨੇ ਜਿੱਥੇ ਕਿਸਾਨ ਦੀ ਅਸਲ ਜ਼ਿੰਦਗੀ ਦਾ ਵਰਣਨ ਕੀਤਾ ਉੱਥੇ ਜਾਗੀਰਦਾਰ ਜਾਂ ਲੋਟੂ ਧਿਰਾਂ ਦੀ ਅਸਲੀਅਤ ਨੂੰ ਸਾਹਮਣੇ ਲਿਆਂਦਾ। ਸਾਹਿਤਕਾਰਾਂ ਦੀ ਰਚਨਾਵਾਂ ਵਿੱਚ ਕਿਸਾਨ ਵਰਗ ਦਾ ਸੰਘਰਸ਼ ਵੀ ਸਾਫ਼ ਝਲਕਦਾ ਹੈ।

ਮਜ਼ਦੂਰ ਤੇ ਕ੍ਰਿਸਾਣ ਆਪਣੇ ਹੱਕ ਲੈ ਲੈਣਗੇ,

ਤਖਤਾਂ ਨੂੰ ਝੂਟੇ ਆ ਰਹੇ ਨੇ ਤਾਜ ਸਭ ਡਿਗ ਪੈਣਗੇ

ਨਾ ਦਿਲ ਕਿਸੇ ਦੇ ਹੁਣ ਕਦੀ ਅਰਮਾਨ ਕੁਚਲੇ ਜਾਣਗੇ,

ਪੂੰਜੀ ਦੇ ਪੈਰਾਂ ਹੇਠ ਨਾ ਇਨਸਾਨ ਕੁਚਲੇ ਜਾਣਗੇ।[5]

ਪੂੰਜੀਪਤੀ-ਮਜ਼ਦੂਰ ਦੀ ਅੱਜ ਟੱਕਰ

ਅੱਧੀ ਦੁਨੀਆ 'ਚ ਪੂੰਜੀ ਦੀ ਹਾਰ ਹੋਈ।[6]

ਸਮਾਜ ਵੱਖ-ਵੱਖ ਸਮਾਜਿਕ ਗਰੁੱਪਾਂ, ਸਮੂਹਾਂ,ਤਬਕਿਆਂ ਦਾ ਇੱਕ ਅਜਿਹਾ ਜਟਿਲ ਤਾਣਾ ਬਾਣਾ ਹੈ ਜਿਸ ਵਿੱਚ ਸਹਿਯੋਗ, ਸਹਿਹੋਂਦ ਤੋਂ ਇਲਾਵਾ ਪੱਖਪਾਤੀ ਨਜ਼ਰੀਆ ਵੀ ਸਮਾਜਿਕ ਢਾਂਚੇ ਨੂੰ ਪ੍ਰਭਾਵਿਤ ਕਰਦਾ ਹੈ। ਸਮਾਜ ਵਿੱਚ ਅਸਾਵੀਂ ਵੰਡ, ਵਿਰੋਧ ਨੂੰ ਜਨਮ ਦਿੰਦੀ ਹੈ ਜੋ ਇੱਕ ਅੰਦੋਲਨ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ। ਸਮਾਜ ਵਿੱਚ ਸ਼ੋਸ਼ਿਤ ਵਰਗ ਕੇਵਲ ਸ਼ੂਦਰ ਹੀ ਨਹੀਂ ਬਲਕਿ ਉਹ ਸਾਰੇ ਵਰਗ ਇਸ ਘੇਰੇ ਵਿਚ ਆ ਜਾਂਦੇ ਹਨ ਜੋ ਸ਼ੋਸ਼ਕ ਵਰਗ ਦੇ ਧੱਕੇ ਚੜ੍ਹਦੇ। ਕਿਸਾਨ ਪ੍ਰੋਲਿਤਾਰੀ ਵਰਗ, ਮਜ਼ਦੂਰ, ਗ਼ਰੀਬ, ਬੇਸਹਾਰਾ ਲਿਤਾੜੇ ਹੋਏ, ਹੀਣੀ ਜਾਤ ਵਾਲੇ ਆਦਿ ਸਾਰੇ ਦਲਿਤ ਦੇ ਘੇਰੇ ਆਉਂਦੇ ਹਨ। ਜਾਗੀਰਦਾਰ ਕਿਸਾਨਾਂ 'ਤੇ ਕਾਬਜ਼ ਹੁੰਦੇ ਤੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਜਿਸ ਕਾਰਨ ਕਿਸਾਨਾਂ ਵਿੱਚ ਜਾਗੀਰਦਾਰਾਂ ਵਿਰੁੱਧ ਨਫ਼ਰਤ ਪੈਦਾ ਹੁੰਦੀ। ਸਮਾਜ ਵਿੱਚ ਇਹ ਤਣਾਓ ਉਦੋਂ ਤੱਕ ਚਲਦਾ ਰਹੇਗਾ ਜਦੋਂ ਤੱਕ ਇੱਕ ਬਰਾਬਰੀ ਸਮਾਜ ਨਹੀਂ ਬਣ ਜਾਂਦਾ।

## 3.2 ਸਰਮਾਏਦਾਰ ਤੇ ਪ੍ਰੋਲਿਤਾਰੀ ਵਰਗ ਵਿਚਲਾ ਸੰਘਰਸ਼

## Balbir Madhopuri Rachit Svejivni 'Changia Rukh' vich pesh Dalit Drishty da Adhyan

ਹਰ ਸਮਾਜ ਦੋ ਵਰਗਾਂ ਵਿੱਚ ਵੰਡਿਆ ਗਿਆ ਇੱਕ ਅਮੀਰ ਵਰਗ ਤੇ ਦੂਜਾ ਗ਼ਰੀਬ ਵਰਗ। ਭਾਰਤੀ ਸਮਾਜ ਖੇਤੀਬਾੜੀ ਨਾਲ ਜੁੜਿਆ ਸਮਾਜ ਹੈ ਜਿਸ ਵਿੱਚ ਖੇਤੀ ਤੋਂ ਇਲਾਵਾ ਹੋਰ ਵੀ ਕਿੱਤੇ ਕੀਤੇ ਜਾਂਦੇ ਹਨ। ਇਨ੍ਹਾਂ ਕਿੱਤਿਆਂ ਦੇ ਅਧਾਰ 'ਤੇ ਸਮਾਜ ਦੀ ਵਰਗ ਵੰਡ ਵੀ ਦੇਖਣ ਨੂੰ ਮਿਲਦੀ ਹੈ। ਜਾਤ-ਪਾਤ, ਛੂਤ,ਛਾਤ, ਊਚ-ਨੀਚ ਆਦਿ ਭੇਦ ਵੀ ਭਾਰਤੀ ਸਮਾਜ ਵਿੱਚ ਕੀਤੇ ਜਾਂਦੇ ਹਨ। ਮੁੱਢ ਤੋਂ ਹੀ ਸਰਮਾਏਦਾਰ, ਜਾਗੀਰਦਾਰ, ਪੂੰਜੀਪਤੀ ਆਦਿ ਸ਼ੋਸ਼ਕ ਵਰਗ, ਪ੍ਰੋਲਿਤਾਰੀ, ਗ਼ਰੀਬ, ਬੇਸਹਾਰਾ ਆਦਿ ਸ਼ੋਸ਼ਿਤ ਵਰਗ ਦੀ ਲੁੱਟ-ਖਸੁੱਟ ਕਰਦੇ ਆ ਰਹੇ ਹਨ ਜਿਸ ਕਾਰਨ ਸਮਾਜ ਵਿੱਚ ਤਣਾਓ ਭਰਿਆ ਮਹੌਲ ਬਣਿਆ ਰਹਿੰਦਾ। ਇਸ ਤਣਾਓ ਦਾ ਮੁੱਖ ਕਾਰਨ ਆਰਥਿਕਤਾ ਹੈ ਜਿਸ ਕੋਲ ਆਰਥਿਕ ਸਾਧਨਾਂ ਦੀ ਬਹੁਤਾਤ ਹੈ ਉਹ ਉੱਚਾ ਤੇ ਜਿਸ ਕੋਲ ਆਰਥਿਕ ਸਾਧਨ ਘੱਟ ਹਨ ਉਹ ਨੀਵਾਂ। ਇਸ ਭੇਦ ਭਰੇ ਸਮਾਜ ਵਿੱਚ ਜਾਤ ਪਾਤ ਊਚ ਨੀਚ ਕਾਰਨ ਵੱਖਰੇ ਸ਼ਮਸ਼ਾਨ ਘਾਟ ਤੇ ਆਵਾਸ ਸਥਾਨ ਆਮ ਦੇਖਣ ਨੂੰ ਮਿਲਦੇ ਹਨ। ਪਿੰਡ ਵਿੱਚ ਜੱਟਾਂ ਦੇ ਘਰ ਅਲੱਗ, ਬ੍ਰਾਹਮਣਾਂ ਦੇ ਘਰ ਅਲੱਗ, ਤੇ ਚਮਾਰ, ਚੂਹੜਿਆਂ ਆਦਿ ਦੇ ਘਰ ਅਲੱਗ ਖਿੱਤਿਆਂ ਵਿੱਚ ਬਣੇ ਹੁੰਦੇ ਹਨ।

ਜਾਤੀ ਤੇ ਜਮਾਤੀ ਵੰਡ ਸ਼ਹਿਰਾਂ ਵਿੱਚ ਆਮ ਦੇਖੀ ਜਾ ਸਕਦੀ ਹੈ। ਮੁਲਾਜ਼ਮ, ਵੱਡੇ ਵਪਾਰੀ ਤੇ ਇਸ ਤੋਂ ਵੀ ਉੱਪਰ ਮੰਤਰੀ ਸ਼ਹਿਰ ਦੇ ਉਸ ਇਲਾਕੇ ਵਿੱਚ ਰਹਿੰਦੇ ਹਨ ਜਿਹੜਾ ਇਲਾਕਾ ਉੱਚਾ ਰੁਤਬਾ ਰੱਖਦਾ ਹੈ ਤੇ ਨਿਮਨ ਜਾਤੀਆਂ ਦੇ ਲੋਕ ਉਨ੍ਹਾਂ ਖੇਤਰਾਂ ਵਿੱਚ ਰਹਿੰਦੇ ਜਿੱਥੇ ਘਰ ਬਣਾਉਣ ਲਈ ਸਸਤੀ ਜ਼ਮੀਨ ਮਿਲਦੀ ਹੈ।

ਰਾਜਨੀਤਿਕ ਪਾਰਟੀਆਂ ਵਿੱਚ ਵੀ ਜਾਤੀ ਤੇ ਜਮਾਤੀ ਵੰਡ ਦੇਖੀ ਜਾ ਸਕਦੀ ਹੈ। ਅਕਾਲੀ ਦਲ ਪਾਰਟੀ ਸਿੱਖ ਧਰਮ-ਜਾਤੀ (ਜੱਟ, ਰਾਮਗੜ੍ਹੀਏ, ਰਾਮਦਾਸੀਏ, ਮਜ਼੍ਹਬੀ ਸਿੱਖ) ਅਧਾਰਿਤ ਰਾਜਨੀਤੀ ਕਰ ਰਹੇ ਹਨ। ਕਾਂਗਰਸ ਪਾਰਟੀ ਨਿਰਪੱਖਤਾ ਨੂੰ ਅਧਾਰ ਬਣਾ ਕੇ ਮਜ਼ਦੂਰ ਤੇ ਕਿਸਾਨੀ ਵਰਗ ਦੇ ਅਧਾਰ 'ਤੇ ਰਾਜਨੀਤੀ ਕਰ ਰਹੇ ਹਨ। ਕਮਿਊਨਿਸਟ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਪ੍ਰੋਲਿਤਾਰੀ ਵਰਗ ਦੇ ਅਧਾਰਿਤ ਰਾਜਨੀਤੀ ਕਰ ਰਹੇ ਹਨ। ਇਨ੍ਹਾਂ ਰਾਜਨੀਤਿਕ ਪਾਰਟੀਆਂ ਦੀਆਂ ਚਾਲਾਂ ਵੀ ਦਲਿਤ ਵਰਗ ਉੱਪਰ ਹੋਣ ਵਾਲੇ ਸ਼ੋਸ਼ਣ ਦਾ ਕਾਰਨ ਬਣਦੀਆਂ। ਰਾਜਨੀਤਿਕ ਪਾਰਟੀਆਂ ਵੀ ਅਮੀਰ ਜਾਂ ਧਨਾਢ ਵਰਗ ਦੇ ਹਿੱਤ ਵਿੱਚ ਕਾਰਜਸ਼ੀਲ ਹੁੰਦੀਆਂ।

ਨਵੀਂ ਪੂੰਜੀ ਜਾਗੀਰੂ ਸਰਕਾਰ ਕੀਤਾ

ਸੌਦਾ ਨਾਲ ਸੌਦਾਗਰਾਂ ਬਾਣੀਆਂ ਜੀ

ਬੈਠੀ ਤਿੱਕੜੀ ਜਨਤਾ ਦੇ ਧੌਣ 'ਤੇ ਚੜ੍ਹ ਕੇ

ਤੇ ਪਰਧਾਨ ਉਵੇਂ ਵੰਡਾਂ ਕਾਣੀਆਂ ਜੀ।[7]

ਸਰਮਾਏਦਾਰੀ ਤੇ ਪ੍ਰੋਲਿਤਾਰੀ ਵਰਗ ਵਿੱਚ ਤਣਾਓ ਭਰਿਆ ਮਹੌਲ ਅਜੋਕੇ ਸਮਾਜ ਵਿੱਚ ਹੀ ਨਹੀਂ ਬਲਕਿ ਇਹ ਤਣਾਓ ਕਈ ਸਦੀਆਂ ਤੋਂ ਚਲਦਾ ਆ ਰਿਹਾ ਹੈ। ਸਰਮਾਏਦਾਰ ਵਰਗ ਸ਼ਾਹੂਕਾਰ, ਪੂੰਜੀਪਤੀ ਤੇ ਧਨਾਢ ਲੋਕਾਂ ਦਾ ਵਰਗ ਹੈ ਜੋ ਆਪਣੀ ਪੂੰਜੀ ਪ੍ਰੋਲਿਤਾਰੀ ਵਰਗ ਨੂੰ ਵਧੇਰੇ ਕਰ 'ਤੇ ਦਿੰਦੇ ਹਨ ਤਾਂ ਜੋ ਪ੍ਰੋਲਿਤਾਰੀ ਵਰਗ ਉਸ ਪੂੰਜੀ ਦੀ ਵਰਤੋਂ ਤਾਂ ਜੋ ਪ੍ਰੋਲਿਤਾਰੀ ਵਰਗ ਉਸ ਪੂੰਜੀ ਨੂੰ ਰੁਜ਼ਗਾਰ ਦੇ ਖ਼ਿੱਤੇ ਵਿੱਚ ਲਗਾਵੇ ਤੇ ਆਪਣੀ ਆਰਥਿਕ ਸਥਿਤੀ ਨੂੰ ਵਧੀਆ ਬਣਾਵੇ। ਪਰ ਸਰਮਾਏਦਾਰ ਵਰਗ ਦਾ ਵਧੇਰੇ ਲਿਆ ਜਾਣ ਵਾਲਾ ਕਰ ਇਨ੍ਹਾਂ ਪ੍ਰੋਲਿਤਾਰੀ ਵਰਗ ਨੂੰ ਅੱਗੇ ਵਧਣ ਹੀ ਨਹੀਂ ਦਿੰਦਾ। ਪ੍ਰੋਲਿਤਾਰੀ ਵਰਗ ਦੀ ਲੁੱਟ-ਖਸੁੱਟ ਪਿੱਛੇ ਮੁੱਖ ਕਾਰਨ ਅਨਪੜ੍ਹਤਾ ਹੈ। ਅਨਪੜ੍ਹਤਾ ਹੋਣ ਕਾਰਨ ਪ੍ਰੋਲਿਤਾਰੀ ਵਰਗ ਸ਼ਾਹੂਕਾਰਾਂ ਦੇ ਹਿਸਾਬ ਕਿਤਾਬ ਨੂੰ ਸਮਝ ਨਹੀਂ ਪਾਉਂਦੇ। ਸ਼ਾਹੂਕਾਰਾਂ ਵੱਲੋਂ ਦਿੱਤੀ ਪੂੰਜੀ ਦਾ ਦੁੱਗਣਾ, ਤਿੱਗਣਾ, ਵਿਆਜ ਦੇ ਰੂਪ ਵਿਚ ਪ੍ਰੋਲਿਤਾਰੀ ਵਰਗ ਨੂੰ ਭੁਗਤਾਨ ਕਰਦਾ ਪਰ ਮੂਲ ਉਵੇਂ ਦਾ ਉਵੇਂ ਹੀ ਰਹਿੰਦਾ। ਪ੍ਰੋਲਿਤਾਰੀ ਵਰਗ ਦਾ ਸ਼ਾਹੂਕਾਰਾਂ ਵੱਲੋਂ ਲਿਆ ਕਰਜ਼ਾ ਕਈ ਪੀੜ੍ਹੀਆਂ ਤੱਕ ਚਲਦਾ ਰਹਿੰਦਾ ਜਿਸ ਕਾਰਨ ਪ੍ਰੋਲਿਤਾਰੀ ਵਰਗ ਦੀ ਆਰਥਿਕ ਸਥਿਤੀ ਵਿੱਚ ਕੋਈ ਬਹੁਤਾ ਪਰਿਵਰਤਨ ਨਹੀਂ ਆਉਂਦਾ। ਇਸ ਤਰ੍ਹਾਂ ਪ੍ਰੋਲਿਤਾਰੀ ਵਰਗ ਦਾ ਭਵਿੱਖ ਸ਼ਾਹੂਕਾਰਾਂ ਦੇ ਕਾਗ਼ਜ਼ਾਂ ਵਿੱਚ ਸਹਿਮਿਆ ਤੇ ਸੁੰਘੜਿਆ ਰਹਿੰਦਾ। ਪਾਸ਼ ਦੀ 'ਪ੍ਰਤੀਬੱਧਤਾ' ਕਵਿਤਾ ਇਸ ਸਚਾਈ ਦੀ ਹਾਮੀ ਭਰਦੀ ਹੈ।

ਅਸੀਂ ਐਵੇਂ ਮੁਚੀ ਦਾ ਕੁੱਝ ਨਹੀਂ ਚਾਹੁੰਦੇ

ਜਿਸ ਤਰ੍ਹਾਂ ਸਾਡੇ ਡੋਲਿਆਂ ਵਿੱਚ ਖੱਲੀਆਂ ਹਨ,

ਜਿਸ ਤਰ੍ਹਾਂ ਬਲਦਾਂ ਦੀਆਂ ਪਿੱਠਾਂ ਤੇ ਉਭਰੀਆਂ,

ਪਰਾਣੀਆਂ ਦੀਆਂ ਲਾਸਾਂ ਹਨ,

ਜਿਸ ਤਰ੍ਹਾਂ ਕਰਜ਼ੇ ਦੇ ਕਾਗ਼ਜ਼ਾਂ ਵਿੱਚ,

ਸਾਡਾ ਸਹਿਮਿਆ ਤੇ ਸੁੰਘੜਿਆ ਭਵਿੱਖ ਹੈ

ਅਸੀਂ ਜ਼ਿੰਦਗੀ, ਬਰਾਬਰੀ ਜਾਂ ਕੁਝ ਵੀ ਹੋਰ

ਏਸੇ ਤਰ੍ਹਾਂ ਦਾ ਸੱਚੀ-ਮੁੱਚੀ ਦਾ ਚਾਹੁੰਦੇ ਹਾਂ।[8]

ਪ੍ਰੋਲਿਤਾਰੀ ਵਰਗ ਸ਼ਾਹੂਕਾਰਾਂ ਤੋਂ ਕਰਜਾ ਲੈ ਕੇ ਆਪਣੇ ਖੇਤਾਂ ਜਾਂ ਰੁਜ਼ਗਾਰ ਦੇ ਖ਼ਿੱਤੇ ਵਿੱਚ ਖ਼ਰਚ ਕਰਦੇ ਹਨ ਪਰ ਸ਼ਾਹੂਕਾਰਾਂ ਦਾ ਕਰਜ਼ਾ ਉੱਤਰਨ ਦਾ ਨਾਂ ਹੀ ਨਹੀਂ ਲੈਂਦਾ। ਇਹ ਕਰਜ਼ਾ ਪੀੜ੍ਹੀ ਦਰ ਪੀੜ੍ਹੀ ਚਲਦਾ ਰਹਿੰਦਾ ਜਿਸ ਕਾਰਨ ਇਸ ਵਰਗ ਦਾ ਭਵਿੱਖ ਸ਼ਾਹੂਕਾਰਾਂ ਦੇ ਕਰਜ਼ੇ ਨੂੰ ਉਤਾਰਨ ਵਿੱਚ ਫਸਿਆ ਰਹਿੰਦਾ।

ਸ਼ਾਹੂਕਾਰਾਂ ਤੇ ਪ੍ਰੋਲਿਤਾਰੀ ਵਰਗ ਦਾ ਆਪਸੀ ਸੰਘਰਸ਼ ਸਾਹਿਤਕਾਰਾਂ ਦੀਆਂ ਰਚਨਾਵਾਂ ਵਿੱਚ ਸਾਫ਼ ਝਲਕਦਾ ਹੈ।

ਪਾਟੀ ਕਿਰਤ ਨੇ ਇੱਕ ਮੁੱਠ ਹੋਣਾ

ਬਣ ਜਾਣਾ ਇਕ ਝਖੜਾ ਵੇ ਹੋ।

ਘੋੜੀ ਤੇਰੀ ਦੇ ਉਡਣੇ ਘੁੰਗਰੂ

ਗੋਰੀ ਦਾ ਚੂੜਾ ਰੱਤੜਾ ਵੇ ਹੋ ।[9]

ਪ੍ਰੋ. ਮੋਹਨ ਸਿੰਘ ਪ੍ਰੋਲਿਤਾਰੀ ਵਰਗ ਦੀ ਏਕਤਾ ਤੇ ਏਕਤਾ ਵਿਚਲੀ ਸ਼ਕਤੀ ਦੀ ਗੱਲ ਕਰਦਾ ਹੈ। ਪ੍ਰੋਲਿਤਾਰੀ ਵਰਗ ਜਦੋਂ ਇੱਕ ਮੁੱਠ ਹੋ ਜਾਏਗਾ ਤਾਂ ਉਹ ਆਪਣੇ ਸਾਹਮਣੇ ਆਈਆਂ ਸਰਮਾਏਦਾਰੀ ਦੀਆਂ ਔਕੜਾਂ ਦਾ ਨਿਠ ਕੇ ਸਾਹਮਣਾ ਕਰਨਗੇ ਤੇ ਆਪਣੇ ਹੱਕ ਮੰਗਣ ਦੀ ਬਜਾਏ ਖੋਹ ਲੈਣਗੇ।

ਮਜ਼ਦੂਰ ਤੇ ਕ੍ਰਿਸਾਣ ਆਪਣੇ ਹੱਕ ਲੈ ਲੈਣਗੇ,

ਤਖ਼ਤਾਂ ਨੂੰ ਝੂਟੇ ਆ ਰਹੇ ਨੇ ਤਾਜ ਸਭ ਡਿਗ ਪੈਣਗੇ

ਨਾ ਦਿਲ ਕਿਸੇ ਦੇ ਹੁਣ ਕਦੀ ਅਰਮਾਨ ਕੁਚਲੇ ਜਾਣਗੇ,

ਪੂੰਜੀ ਦੇ ਪੈਰਾਂ ਹੇਠ ਨਾ ਇਨਸਾਨ ਕੁਚਲੇ ਜਾਣਗੇ[10]

ਅਜਿਹੀ ਵਿਚਾਰਧਾਰਾ ਦੇ ਕਵੀਆਂ ਨੇ ਹਮੇਸ਼ਾ ਹੀ ਗ਼ਰੀਬ, ਲਾਚਾਰ, ਬੇਵੱਸ, ਸ਼ੋਸ਼ਿਤ, ਪ੍ਰੋਲਿਤਾਰੀ ਵਰਗ ਦੇ ਹਿਤਾਂ ਲਈ ਅਵਾਜ਼ ਉਠਾਈ। ਇਨ੍ਹਾਂ ਕਵੀਆਂ ਨੇ ਪ੍ਰੋਲਿਤਾਰੀ ਵਰਗ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ

ਬਹੁਤ ਸਾਰੀਆਂ ਰਚਨਾਵਾਂ ਲਿਖੀਆਂ ਜਿਨ੍ਹਾਂ ਵਿਚੋਂ ਕੁੱਝ ਰਚਨਾਵਾਂ ਅਜਿਹੀਆਂ ਵੀ ਹਨ ਜੋ ਪੂਰਨ ਰੂਪ ਵਿੱਚ ਪ੍ਰੋਲਿਤਾਰੀ ਵਰਗ ਨਾਲ ਪ੍ਰਤੀਬੱਧਤਾ ਸਥਾਪਿਤ ਕਰਦੀਆਂ ਹਨ ਤੇ ਸਰਮਾਏਦਾਰ, ਪੂੰਜੀਪਤੀ, ਜਾਗੀਰਦਾਰ, ਸ਼ੋਸ਼ਕ ਵਰਗ ਆਦਿ ਦੀ ਵਿਰੋਧਤਾ ਕਰਦੇ ਹਨ।

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ

ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ

ਜਿਨ੍ਹਾਂ ਦੇ ਹੜ੍ਹ 'ਚ ਰੁੜ ਜਾਂਦੀ ਹੈ

ਸਾਡੇ ਬੱਚਿਆਂ ਦੀ ਤੋਤਲੀ ਕਵਿਤਾ

ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

ਮੈਂ ਤਾਂ ਜਦ ਵੀ ਕੀਤੀ-ਖਾਦ ਦੇ ਘਾਟੇ

ਕਿਸੇ ਗਰੀਬੜੀ ਦੇ ਹਿੱਕ ਵਾਂਗੂ ਪਿਚਕ ਗਏ ਗੰਨੇ ਦੀ ਗੱਲ ਹੀ ਕਰਾਂਗਾ।[11]

ਭਾਰਤੀ ਸਮਾਜ ਅਨੇਕਾਂ ਹੀ ਵਰਗਾਂ ਵਿੱਚ ਵੰਡਿਆ ਗਿਆ। ਹਮੇਸ਼ਾ ਹੀ ਸਰਮਾਏਦਾਰ ਵਰਗ ਵੱਲੋਂ ਪ੍ਰੋਲਿਤਾਰੀ ਵਰਗ ਨੂੰ ਲਿਤਾੜਿਆ ਗਿਆ। ਪ੍ਰੋਲਿਤਾਰੀ ਵਰਗ ਦਾ ਸਰਮਾਏਦਾਰੀ ਵਰਗ ਵਿਰੁੱਧ ਚੱਲਿਆ ਸੰਘਰਸ਼ ਇੱਕ ਕ੍ਰਾਂਤੀ ਨੂੰ ਜਨਮ ਦਿੰਦਾ ਹੈ। ਸਮਾਜ ਵਿੱਚ ਇਹ ਦਬਾਅ, ਤਣਾਓ ਉਦੋਂ ਤੱਕ ਚਲਦਾ ਰਹੇਗਾ ਜਦੋਂ ਤੱਕ ਇੱਕ ਬਰਾਬਰੀ ਸਮਾਜ ਭਾਵ ਸਮਾਜਵਾਦ ਸਥਾਪਿਤ ਨਹੀਂ ਹੋ ਜਾਂਦਾ।

---

[1] ਮੋਹਨ ਸਿੰਘ, ਕਚ ਸਚ, ਪੰਨਾ- 57

[2] ਭੀਮ ਇੰਦਰ ਸਿੰਘ, ਮਾਰਕਸੀ ਪਰਿਪੇਖ, ਪੰਨਾ- 42

[3]ਮੋਹਨ ਸਿੰਘ, ਮੇਰੀ ਚੋਣਵੀ ਕਵਿਤਾ, ਪੰਨਾ - 144

[4] ਜਰਨੈਲ ਸਿੰਘ ਅਰਸ਼ੀ, ਲਲਕਾਰ, ਪੰਨਾ- 76

[5] ਜਰਨੈਲ ਸਿੰਘ, ਅਰਸ਼ੀ, ਲਲਕਾਰ, ਪੰਨਾ 76

[6] ਪਿਆਰਾ ਸਿੰਘ, ਸਹਿਰਾਈ, ਤਾਰਿਆਂ ਦੀ ਲੋਅ, ਪੰਨਾ- 58

[7] ਪਿਆਰਾ ਸਿੰਘ ਸਹਿਰਾਈ, ਸਮੇਂ ਦੀ ਵਾਰ, ਪੰਨਾ - 22

[8] ਪਾਸ਼, ਸਾਡੇ ਸਮਿਆਂ ਵਿੱਚ, ਪ੍ਰਤੀਬੱਧਤਾ, ਪੰਨਾ-

---

[9] ਮੋਹਨ ਸਿੰਘ, ਮੇਰੀ ਚੋਣਵੀਂ ਕਵਿਤਾ,ਪੰਨਾ-103

[10] ਜਰਨੈਲ ਸਿੰਘ ਅਰਸ਼ੀ, ਲਲਕਾਰ, ਪੰਨਾ- 76

[11] ਪਾਸ਼, ਸਾਡੇ ਸਮਿਆਂ ਵਿੱਚ, ਪੇਜ਼ ਨੰਬਰ-

# ਅਧਿਆਇ - ਚੌਥਾ

# ਛਾਂਗਿਆ ਰੁੱਖ ਸਵੈ ਜੀਵਨੀ ਵਿੱਚ ਦਲਿਤ ਦ੍ਰਿਸ਼ਟੀ

## 4.1 ਜਾਗੀਰਦਾਰੀ /ਪੂੰਜੀਵਾਦੀ ਅਤੇ ਪਿੱਤਰਸੱਤਾ ਤੇ ਔਰਤ ਵਿਚਲਾ ਸੰਘਰਸ਼

### 4.1.1 ਜਾਗੀਰਦਾਰੀ/ ਪੂੰਜੀਵਾਦੀ ਪ੍ਰਬੰਧ

ਸਮਾਜ ਨਾ ਬਰਾਬਰੀ ਤੇ ਜਾਤੀ ਜਮਾਤੀ ਊਚ ਨੀਚ ਆਦਿ ਸਮਾਜ ਵਿਚ ਤਣਾਓ ਭਰਿਆ ਮਹੌਲ ਬਣਨ ਦਾ ਕਾਰਨ ਬਣਦੇ ਹਨ। ਸਮਾਜ ਅਨੇਕਾਂ ਵਿਚ ਗੁੱਟਾਂ ਵਿਚ ਵੰਡਿਆ ਗਿਆ ਹੈ। ਜਮਾਤੀ ਪੱਖ ਦੇਖੀਏ ਤਾਂ ਸਮਾਜ ਅਮੀਰ ਗ਼ਰੀਬ, ਪੂੰਜੀਪਤੀ, ਪ੍ਰੋਲਿਤਾਰੀ, ਊਚ-ਨੀਚ ਤੇ ਜਾਤੀ ਪੱਖੋਂ ਉੱਚ ਜਾਤੀ ਤੇ ਨੀਵੀਂ ਜਾਤੀ ਆਦਿ ਵਰਗਾਂ ਵਿਚ ਵੰਡਿਆ ਹੋਇਆ ਹੈ ਜਾਗੀਰਦਾਰ ਜਾਂ ਪੂੰਜੀਪਤੀਆਂ ਦ ਲੁੱਟ ਖਸੁੱਟ ਕਿਸੇ ਤੋਂ ਲੁਕੀ ਨਹੀਂ ਹੈ ਵੱਡੀਆਂ-ਵੱਡੀਆਂ ਜਗੀਰਾਂ ਦੇ ਮਾਲਕ ਜਾਗੀਰਦਾਰ ਕਿਸਾਨਾਂ ਦਾ ਆਰਥਿਕ ਸ਼ੋਸ਼ਣ ਕਰਦੀਆਂ ਹਨ। ਬੇਬਸ ਤੇ ਲਾਚਾਰ ਕਿਸਾਨ ਜਾਗੀਰਦਾਰਾਂ ਦੇ ਨਿਰਨਿਆਂ ਅੱਗੇ ਝੁਕਣ ਦੇ ਸਿਵਾਏ ਹੋਰ ਕੁੱਝ ਨਹੀਂ ਕਰ ਸਕਦੇ । ਕਿਸਾਨ ਵਰਗ ਆਪਣੇ ਹੱਕਾਂ ਦੀ ਮੰਗ ਕਰਨ ਲਈ ਕਈ ਵਾਰ ਜਾਗੀਰਦਾਰਾਂ ਨਾਲ ਜੂਝਦਾ ਵੀ ਹੈ ਪਰ ਜਾਗੀਰਦਾਰੀ ਸ਼ਕਤੀ ਅੱਗੇ ਉਨ੍ਹਾਂ ਦਾ ਕੋਈ ਜ਼ੋਰ ਨਹੀਂ ਚਲਦਾ।

ਜ਼ੈਲਦਾਰ, ਜਾਗੀਰਦਾਰ, ਸਫ਼ੈਦਪੋਸ਼ ਤੇ ਲੰਬੜਦਾਰ ਇੱਕ ਹੀ ਘੇਰੇ ਵਿਚ ਆਉਣ ਵਾਲੇ ਲੋਕ ਹਨ ਜਿਹੜੇ ਆਪਣੇ ਫ਼ੈਸਲੇ ਜੱਜਾਂ ਵਾਂਗ ਕਰਦੇ ਹਨ। ਆਮ ਲੋਕਾਂ ਨੂੰ ਉਨ੍ਹਾਂ ਦੇ ਹੁਕਮ ਮੰਨਣੇ ਪੈਂਦੇ ਹਨ। ਅਸਲ ਵਿਚ ਪੂੰਜੀਪਤੀ ਆਪਣੇ ਤੋਂ ਨੀਵੇਂ ਵਰਗ ਨੂੰ ਸਮਝਦੇ ਹੀ ਨਹੀਂ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਛਾਂਗਿਆ ਰੁੱਖ ਇਸ ਗੱਲ ਦੀ ਹਾਮੀ ਭਰਦੀ ਹੈ। ਜ਼ੈਲਦਾਰ ਜਾਗੀਰਦਾਰ ਸਫ਼ੈਦਪੋਸ਼ ਤੇ ਲੰਬੜਦਾਰ ਇੱਕ ਉੱਚੀ ਪਦਵੀ ਵਾਲੇ ਉਹ ਲੋਕ ਹਨ ਜਿਨ੍ਹਾਂ ਤੋਂ ਆਮ ਲੋਕ ਥਰ-ਤਰ ਕੰਬਦੇ। ਇਨ੍ਹਾਂ ਲੋਕਾਂ ਦਾ ਅਛੂਤਾਂ ਪ੍ਰਤੀ ਰਵੱਈਆ ਅਕਸਰ ਡਰਾਉਣ ਤੇ ਅੱਤਿਆਚਾਰੀ ਹੁੰਦਾ ਹੈ।[1]

ਜ਼ੈਲਦਾਰ ਜਾਗੀਰਦਾਰ, ਸਫ਼ੈਦਪੋਸ਼ ਤੇ ਲੰਬੜਦਾਰ ਤੋਂ ਸਾਰੇ ਲੋਕ ਥਰ-ਥਰ ਕੰਬਦੇ ਸਨ। ਜ਼ੈਲਦਾਰ ਦੀ ਜ਼ੈਲ ਵਿਚ ਕਈ ਕਈ ਪਿੰਡ ਹੁੰਦੇ ਉਹ ਕਚਹਿਰੀ ਲਾਉਂਦਾ - ਫ਼ੈਸਲੇ ਸੁਣਾਉਂਦਾ। ਉਹਦੇ ਕੋਲ ਅਦਾਲਤ ਦੇ ਜੱਜ ਵਾਂਗ ਹੱਕ ਹੁੰਦੇ ਸਨ। ਸੁਣਾਈ ਸਜ਼ਾ ਅਨੁਸਾਰ ਜੁਰਮਾਨਾ, ਹਰਜਾਨਾ, ਤੇ ਹੋਰ ਡੰਨ ਭਰਨੇ ਪੈਂਦੇ। ਹਾਲਾਤ ਤੇ ਸੂਰਤ ਮੁਤਾਬਿਕ ਕਿਸੇ ਨੂੰ ਕੋਈ ਸਜ਼ਾ ਦਿੱਤੀ ਜਾਂਦੀ ਤੇ ਕਿਸੇ ਨੂੰ ਕੋਈ। ਕਹਿੰਦੇ ਹਨ ਕਿ ਕਿਸੇ ਜ਼ੈਲਦਾਰ ਨੂੰ ਪੰਜ ਤੇ ਕਿਸੇ ਨੂੰ ਸੱਤ ਖ਼ੂਨ ਮਾਫ਼ ਹੁੰਦੇ - ਇਸ ਕਰ ਕੇ ਲੋਕ ਉਹਦੇ ਮੋਹਰੇ ਧੋਣ ਅਕੜਾ ਕੇ ਗੱਲ ਕਰਨ ਦੀ ਕਦੇ ਜੁਰਅਤ

ਨਾ ਕਰਦੇ। ...ਤੇ ਕਮੀਣਾਂ ਖ਼ਾਸ ਕਰ ਕੇ ਅਛੂਤਾਂ ਪ੍ਰਤੀ ਉਹਦਾ ਰਵੱਈਆ ਅਕਸਰ ਡਰਾਉਣਾ ਤੇ ਅੱਤਿਆਚਾਰੀ ਹੁੰਦਾ।

ਜਾਗੀਰਦਾਰਾਂ ਦੀ ਸ਼ਕਤੀ ਦਾ ਸੋਮਾ ਅੰਗਰੇਜ਼ੀ ਹਕੂਮਤ ਸੀ । ਜਾਗੀਰਦਾਰ ਅੰਗਰੇਜ਼ਾਂ ਦਾ ਸਾਥ ਦਿੰਦੇ ਸਨ ਤੇ ਆਪਣੇ ਹੀ ਦੇਸ਼ ਵਾਸੀ ਜੋ ਅੰਗਰੇਜ਼ਾਂ ਦੀ ਦੀ ਵਿਰੋਧਤਾ ਕਰਦੇ, ਉਨ੍ਹਾਂ ਵਿਰੁੱਧ ਅੰਗਰੇਜ਼ਾਂ ਦਾ ਸਾਥ ਦਿੰਦੇ, ਜਿਸ ਦੇ ਪਰਿਮਾਣ ਵਜੋਂ ਅੰਗਰੇਜ਼ੀ ਹਕੂਮਤ ਜਾਗੀਰਦਾਰਾਂ ਨੂੰ ਜਾਗੀਰ ਸੌਂਪ ਦਿੰਦੀ ਸੀ। ਜਾਗੀਰਦਾਰਾਂ ਦੇ ਸ਼ੋਸ਼ਣ ਦਾ ਜ਼ਿਆਦਾਤਰ ਸ਼ਿਕਾਰ ਅਛੂਤ ਵਰਗ ਹੀ ਰਿਹਾ । ਉਹ ਅਛੂਤਾਂ ਤੋ ਜਦੋਂ ਮਰਜ਼ੀ ਬਹਾਰਾਂ ਕਰਵਾਉਂਦੇ ਤੇ ਉਨ੍ਹਾਂ ਵਗਾਰਾਂ ਦੇ ਬਦਲੇ ਧੱਕੇ ਤੇ ਗਾਲ਼ਾਂ ਦਿੰਦੇ। ਅਜਿਹੀ ਘਟਨਾ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਵਿਚ ਵੀ ਵਾਪਰਦੀ ਹੈ।

ਜਾਗੀਰਦਾਰ ਅੰਗਰੇਜ਼ੀ ਹਕੂਮਤ ਦੀ ਮਦਦ ਵਾਸਤੇ 15 ਤੋਂ 30 ਘੋੜੇ ਪਾਲਦਾ - ਆਪਣੇ ਦੇਸ਼ ਵਾਸੀਆਂ ਅੰਦਰ ਉੱਠਦੇ ਵਿਦਰੋਹ ਵਿਰੁੱਧ ਅੰਗਰੇਜ਼ਾਂ ਦਾ ਸਾਥ ਦੇ ਕੇ ਜਗੀਰਾਂ ਹਾਸਿਲ ਕਰਦਾ। ਉਹ ਵੀ ਅਛੂਤਾਂ ਤੋਂ ਵਗਾਰ ਕਰਾਉਂਦਾ ਤੇ ਇਨਾਮ ਵਜੋਂ ਧੌਲ਼ ਧੱਫਾ ਤੇ ਗਾਲ਼ਾਂ ਦੀ ਵਰਖਾ ਕਰਦਾ। ਗੱਲ ਕੀ ਰੋਹਬ ਰੱਖਦਾ ਤੇ ਅਛੂਤਾਂ ਦੇ ਅਧਿਕਾਰ - ਰੋਹ ਨੂੰ ਪਨ੍ਹਪਨ ਨਾ ਦਿੰਦਾ।[2]

ਜਾਗੀਰਦਾਰਾਂ ਤੋਂ ਇਲਾਵਾ ਲੰਬੜਦਾਰ ਵੀ ਅਛੂਤਾਂ 'ਤੇ ਅੱਤਿਆਚਾਰ ਕਰਨ ਤੋਂ ਪਿੱਛੇ ਨਹੀਂ ਰਹਿੰਦੇ। ਬਲਬੀਰ ਮਾਧੋਪੁਰੀ ਨੇ ਨਿਧੜਕ ਹੋ ਕੇ ਲੰਬੜਦਾਰ ਜਾਗੀਰਦਾਰ ਜਾਂ ਸ਼ੋਸ਼ਕ ਵਰਗ ਦੀ ਅਸਲੀਅਤ ਨੂੰ ਨੰਗਾ ਕੀਤਾ ਹੈ। ਛਾਂਗਿਆਂ ਰੁੱਖ ਸਵੈ-ਜੀਵਨ ਵਿਚ ਲੰਬੜਦਾਰਾਂ ਦੇ ਪੱਖ ਨੂੰ ਵੀ ਉਘਾੜਦੀ ਦੇ ਲੰਬੜਦਾਰ ਅਛੂਤਾਂ ਤੋਂ ਬਿਨਾਂ ਮਿਹਨਤ ਦਿੱਤਿਆਂ ਵਗਾਰਾਂ ਬੁੱਤੀਆਂ ਕਰਵਾਉਂਦੇ ਹਨ। ਲੰਬੜਦਾਰ ਪਿੰਡ ਪੱਧਰ ਦਾ ਉਹ ਸਰਕਾਰੀ ਮੁਲਾਜ਼ਮ ਸੀ ਜੋ ਆਪਣੇ ਉਤਲਿਆਂ ਦੀ ਸੇਵਾ ਲਈ ਉਤਾਵਲਾ ਰਹਿ੧ਓਂਦਾ। ਪਰ ਪਿੰਡ ਦੇ ਅਛੂਤਾਂ ਉੱਤੇ ਅੱਤਿਆਚਾਰ ਕਰਦਾ। ਛਾਂਗਿਆਂ ਰੁੱਖ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਲੰਬੜਦਾਰ ਅਛੂਤਾਂ ਨੂੰ ਬਿਨਾਂ ਮਿਹਨਤ ਦਾ ਮੁੱਲ ਦਿੱਤਿਆਂ ਉਨ੍ਹਾਂ ਤੋਂ ਵਗਾਰਾਂ ਬੁੱਤੀਆਂ ਕਰਾਉਂਦਾ ਹੈ।

ਲੰਬੜਦਾਰ ਪਿੰਡ ਪੱਧਰ ਉੱਤੇ ਸਰਕਾਰੀ ਮੁਲਾਜ਼ਮ ਸੀ। ਉਹ ਆਪਣੇ ਉਤਲਿਆ ਦੀ ਸੇਵਾ ਲਈ ਉਤਾਵਲਾ ਰਹਿੰਦਾ। ਅਛੂਤਾਂ ਤੋਂ ਮਨ ਮਰਜ਼ੀ ਨਾਲ ਬਿਨਾਂ ਇਵਜ਼ ਦੇ ਕੰਮ ਕਰਾਉਂਦਾ। ਉਸ ਤੋਂ ਕਮੀਆਂ ਸਮੇਤ ਬਾਕੀ ਲੋਕ ਬਹੁਤ ਡਰ ਕੇ ਰਹਿੰਦੇ ਕਿਉਂਕਿ ਉਹ ਠਾਣੇ ਵਿਚ ਜਾਂ ਜ਼ੈਲਦਾਰ ਕੋਲ ਜਾ ਕੇ ਕਿਸੇ ਦੀ ਵੀ ਸ਼ਿਕਾਇਤ ਕਰ ਸਕਦਾ ਸੀ ਉਹਦੀ ਹਰ ਥਾਂ ਯਾਨੀ ਸਰਕਾਰੇ-ਦਰਬਾਰੇ ਸੁਣੀ ਜਾਂਦੀ। ਉਹਦੀ ਇੱਛਾ ਅਨੁਸਾਰ ਹੀ ਫ਼ੈਸਲੇ ਲਏ ਜਾਂਦੇ।[3]

ਬਲਬੀਰ ਮਾਧੋਪੁਰੀ ਆਪਣੀ ਸਵੈਜੀਵਨੀ ਛਾਂਗਿਆਂ ਰੁੱਖ ਵਿਚ ਅਛੂਤਾਂ ਦਾ ਜਾਗਰਿਤ ਪ੍ਰਤੀ ਵਿਦਰੋਹ ਕਰਨ ਦੀ ਘਟਨਾ ਨੂੰ ਪੇਸ਼ ਕਰਦਾ ਹੈ ਜੇ ਅਛੂਤ ਜਗੀਰਦਾਰਾਂ ਦਾ ਵਿਰੋਧ ਕਰਨ ਤਾਂ ਜਾਗੀਰਦਾਰ ਸ਼ਰੇਆਮ ਉਨ੍ਹਾਂ ਕੁੱਟ ਮਾਰ ਕਰਦੇ। ਜਾਗੀਰਦਾਰ ਅਛੂਤਾਂ ਦਾ ਜਿਸਮਾਨੀ ਸ਼ੋਸ਼ਣ ਹੀ ਨਹੀਂ ਬਲਕਿ ਮਾਨਸਿਕ ਸ਼ੋਸ਼ਣ ਵੀ ਕਰਦੇ। ਧਾਰਮਿਕ ਗ੍ਰੰਥਾਂ ਦਾ ਪਾਠ ਪੜ੍ਹਾ ਕੇ ਉਨ੍ਹਾਂ ਨੂੰ ਆਪਣੇ ਅਧੀਨ ਜਾਂ ਆਪਣਾ ਗ਼ੁਲਾਮ ਬਣਾ ਕੇ ਰੱਖਦੇ।

ਅਛੂਤ ਜਾਗੀਰਦਾਰਾਂ ਤੇ ਭੂਮੀ ਮਾਲਕਾਂ ਦੇ ਰਹਿਮ ਉੱਤੇ ਵਿਚਰਦੇ , ਡਰ-ਡਰ ਕੇ ਵਕਤ-ਕੱਟੀ ਕਰਦੇ। ਜ਼ਮੀਨ ਮਾਲਕਾਂ ਇਸੇ ਅਧਾਰ ਉੱਤੇ ਉਨ੍ਹਾਂ ਨਾਲ ਧੱਕੇਸ਼ਾਹੀ ਕਰਦੇ- ਜ਼ਬਰਦਸਤੀ ਵਗਾਰ ਕਰਾਉਂਦੇ। ਨਾਂਹ ਨੁੱਕਰ ਕਰਨ "ਤੇ ਲਾਹ-ਪਾਹ ਤੇ ਕੁੱਟ-ਮਾਰ ਸ਼ਰੇਆਮ ਕਰਦੇ। ਅੰਗਰੇਜ਼ਾਂ ਕੋਲੋਂ ਅਜ਼ਾਦੀ ਦੀ ਮੰਗ ਉਹ ਲੋਕ ਕਰਦੇ ਜੋ ਉਨ੍ਹਾਂ ਦੇ ਗ਼ੁਲਾਮ ਸਨ - ਪਰ ਉਨ੍ਹਾਂ ਨੂੰ ਆਪਣੇ ਅਧੀਨ ਗ਼ੁਲਾਮਾਂ ਦੀ ਅਜ਼ਾਦੀ ਦਾ ਕਦੀ ਖ਼ਿਆਲ ਹੀ ਨਾ ਆਇਆ - ਸਗੋਂ ਆਪਣੇ ਧਰਮ ਗ੍ਰੰਥਾਂ ਦੇ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਗ਼ੁਲਾਮ ਬਣਾਈ ਰੱਖਣਾ ਆਪਣਾ ਜਨਮ ਸਿੱਧ ਅਧਿਕਾਰ ਸਮਝਿਆ ਇਹ ਹੀ ਤੱਥ ਸਮਾਜ ਤੇ ਦੇਸ਼ ਦੇ ਪਤਨ ਲਈ ਜ਼ਿੰਮੇਵਾਰ ਰਹੇ।[4]

### 4.1.2. ਮਰਦ-ਪ੍ਰਧਾਨ ਜਾਂ ਪਿਤਰ ਸੱਤਾ

ਭਾਰਤੀ ਸਮਾਜ ਇੱਕ ਮਰਦ ਪ੍ਰਧਾਨ ਸਮਾਜ ਹੈ ਜਿੱਥੇ ਔਰਤ ਨੂੰ ਕਮਜ਼ੋਰ ਲਾਚਾਰ ਬੇਵੱਸ ਹੀ ਸਮਝਿਆ ਜਾਂਦਾ ਆ ਰਿਹਾ ਹੈ। ਹਮੇਸ਼ਾ ਹੀ ਪੁੱਤਰ ਹੀ ਰੁਚੀ ਰੱਖਣ ਵਾਲਾ ਇਸ ਸਮਾਜ ਵਿਚ ਮਰਦ ਦੀ ਹੀ ਪ੍ਰਧਾਨਤਾ ਚੱਲੀ ਆ ਰਹੀ ਹੈ। ਮਰਦ ਦੀ ਪ੍ਰਧਾਨਤਾ ਨੂੰ ਸਾਹਿਤ ਦੀ ਕਿਸੇ ਵੀ ਵਿਧਾ ਵਿਚੋਂ ਤਲਾਸ਼ਿਆ ਜਾ ਸਕਦਾ ਹੈ ਕਿਉਂਕਿ ਸਾਹਿਤਕਾਰ ਰਚਨਾ ਲਈ ਸਮਾਜ ਤੋਂ ਹੀ ਕੱਚ ਸਮਗਰੀ ਲੈਂਦੇ ਹਨ ਤੇ ਆਪਣੀ ਰਚਨਾ ਦਾ ਅਧਾਰ ਬਣਾਉਂਦੇ ਹਨ। ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਵਿਚ ਵੀ ਮਰਦ ਪ੍ਰਧਾਨ ਸਮਾਜ ਦੇ ਪ੍ਰਮਾਣ ਮਿਲਦੇ ਹਨ। ਸਾਡਾ ਸਮਾਜ ਕੁੜੀ ਨਾਲੋਂ ਪੁੱਤਰ ਦੀ ਪ੍ਰਾਪਤੀ ਵੱਲ ਵਧੇਰੇ ਰੁਚੀ ਰੱਖਦੇ ਹਨ।

ਭਾਈਏ ਨੇ ਦਲਾਨ ਵਿਚ ਵੜਦਿਆਂ ਹੀ ਅੱਖ ਨਾਲ ਇਸ਼ਾਰਾ ਕਰਦਿਆਂ ਮੂੰਹੋਂ ਬੋਲ ਕੇ ਪੁੱਛਿਆ, 'ਕੀ ਹੋਇਆ?'

'ਕੁੜੀ!' ਮਾਂ ਨੇ ਦੱਸਿਆ।

'ਦੁਰ ਫਿੱਟੇ ਮੂੰਹ ਤੇਰੇ!'

'ਮੁੰਡਾ ਜੰਮਣਾ ਮੇਰੇ ਵੱਸ ਦੀ ਗੱਲ ਆ ਭਲਾ।' ਮਾਂ ਨੇ ਬੇਬਸੀ ਵਰਗੀ ਗੱਲ ਕੀਤੀ।[5]

ਸਵੈ-ਜੀਵਨੀ ਵਿਚ ਕੁੱਝ ਅਜਿਹੀਆਂ ਘਟਨਾਵਾਂ ਵੀ ਸ਼ਾਮਿਲ ਹਨ ਜਿੱਥੇ ਮਰਦ ਜਾਂ ਪਿਤਾ ਪ੍ਰਧਾਨਤਾ ਦੀ ਔਰਤ ਵੱਲੋਂ ਵਿਰੋਧਤਾ ਵੀ ਹੁੰਦੀ ਹੈ। ਮਰਦ ਸਦੀਆਂ ਤੋਂ ਆਪਣੀ ਗੱਲ ਮਨਾਈ ਜਾ ਰਿਹਾ ਹੈ। ਸਵੈ ਜੀਵਨੀ ਵਿਚ ਔਰਤ ਮਰਦ ਦੀ ਇਸ ਪ੍ਰਧਾਨਗੀ ਦੀ ਵਿਰੋਧਤਾ ਕਰਦੀ ਹੈ। ਜਿਵੇਂ ਛਾਂਗਿਆ ਰੁੱਖ ਸਵੈਜੀਵਨੀ ਵਿਚ

ਬਲਬੀਰ ਮਾਧੋਪੁਰੀ ਆਪਣੇ ਭਾਈਏ ਨੂੰ ਕਹਿੰਦਾ ਕਿ ਮੈਂ ਨਹੀਂ ਜਾਣਾ ਮੈਲ਼ ਲੈਣ, ਉਸ ਦਾ ਭਾਈਆਂ ਉਸ ਨੂੰ ਉੱਲਰ ਕੇ ਪੈਂਦਾ , ਉਸ ਨੂੰ ਗਾਲ਼ੀ ਗਲੋਚ ਕਰਦਾ।

ਜਦੋਂ ਨਾਲ ਪੜਦਾ ਕੋਈ ਕੁੜੀ-ਮੁੰਡਾ ਮਿਲ ਪੈਂਦਾ ਤਾਂ ਮੈਂ ਮੂੰਹ ਦੂਜੇ ਪਾਸੇ ਨੂੰ ਕਰ ਕੇ ਕਾਹਲੀ ਨਾਲ ਲੰਘ ਜਾਂਦਾ। ਮੈਂ ਆਪਣੀ ਮਾਂ ਤੇ ਭਾਈਏ ਨੂੰ ਆਪਣੇ ਮਨ ਦੀ ਦੁਬਿਧਾ ਦੱਸਦਾ। ਭਾਈਆਂ ਉੱਲਰ ਕੇ ਪੈਂਦਾ, ਮਾਮਾ ਮੈਲ਼ ਡੱਫਣ ਬਾਰੀ ਤਾਂ ਕਚ੍ਹੀਨਾ ਪਈ ਸਾਰੀ ਮਈਨੂੰ ਦੇ ਦਿਓ। ਨਾਲੇ ਤੂੰ ਕੱਲਾ ਜਾਂਦਾ? ਸਾਰੀ ਚਮ੍ਹਾਰਲੀ ਲਿਆਉਂਦੀ ਆ। ਅਸੀਂ ਸਿਰਾਂ "ਤੇ ਮੈਲ਼ ਦੀਆਂ ਚਾਟੀਆਂ ਆਪਣੀਆਂ ਭੈਣਾਂ ਤੇ ਹੋਰ ਸਕੀਰੀ "ਚ ਪਚਾਈ ਦੀਆਂ ਸੀ।[6]

ਭਾਈਏ ਦੀਆਂ ਇਨ੍ਹਾਂ ਗੱਲਾਂ ਦਾ ਵਿਰੋਧ ਮਾਧੋਪੁਰ ਦੀ ਮਾਂ ਕਰਦੀ ਤੇ ਭਾਈਏ ਦੀ ਗੱਲ ਟੋਕ ਕੇ ਕਹਿੰਦੀ ਕਿ ਹੋਰ ਪੰਜਾਂ ਸੱਤਾਂ ਸਾਲਾਂ ਨੂੰ ਇਨ੍ਹਾਂ ਨੇ ਉਡਾਰੂ ਹੋ ਜਾਣਾ - ਆਪੇ ਈ ਕੰਮ ਚੁੱਕ ਲੈਣਾ ਇਨ੍ਹਾਂ ਨੇ

ਮਾਂ ਵਿਚੋਂ ਟੋਕਦੀ ਕਾਹਨੂੰ ਜ਼ਬਾਨ ਗੰਦੀ ਕਰੀ ਜਾਨਾਂ- ਹੋਰ ਪੰਜਾਂ ਸੱਤਾਂ ਸਾਲਾਂ ਨੂੰ ਇਨ੍ਹਾਂ ਨੇ ਉਡਾਰੂ ਹੋ ਜਾਣਾ- ਆਪੇ ਈ ਕੰਮ ਚੱਕ ਲੈਣਾ ਇਨ੍ਹਾਂ ਨੇ।[7]

ਅਜਿਹੀ ਇੱਕ ਹੋਰ ਘਟਨਾ ਛਾਂਗਿਆਂ ਰੁੱਖ ਸਵੈ-ਜੀਵਨੀ ਵਿਚ ਮਿਲਦੀ ਹੈ। ਜਿੱਥੇ ਮਾਧੋਪੁਰੀ ਦੀ ਮਾਂ ਭਾਈਏ ਦੀ ਗੱਲ ਟੋਕਦੀ ਤੇ ਭਾਈਏ ਨਾਲ ਸਵਾਲ ਜਵਾਬ ਕਰਦੀ।

### 4.1.3. ਔਰਤ ਦੀ ਸਥਿਤੀ ਅਤੇ ਸੰਘਰਸ਼

ਔਰਤ ਨੂੰ ਮੁੱਢ ਤੋਂ ਹੀ ਕਮਜ਼ੋਰ ਲਾਚਾਰ ਅਤੇ ਬੇਬਸ ਸਮਝਿਆ ਜਾ ਰਿਹਾ ਹੈ। ਮਰਦ-ਪ੍ਰਧਾਨ ਸਮਾਜ ਔਰਤ 'ਤੇ ਆਪਣਾ ਦਬ-ਦਬਾਅ ਕਈ ਸਦੀਆਂ ਤੋਂ ਬਣਾਉਂਦਾ ਆਇਆ ਹੈ ਅਜੋਕੇ ਸਮਾਜ ਵਿਚ ਵੀ ਔਰਤ ਨੂੰ ਮਰਦ ਦੇ ਮੁਕਾਬਲੇ ਨੀਚ ਹੀ ਸਮਝਿਆ ਜਾਂਦਾ ਹੈ। ਔਰਤ ਮਰਦ ਦੇ ਧੱਕੇ, ਜ਼ੁਲਮ ਤੇ ਅੱਤਿਆਚਾਰ ਨੂੰ ਸਹਿੰਦੀ ਆਈ ਹੈ। ਬੇਸ਼ੱਕ ਅੱਜ ਦੀ ਔਰਤ ਤੇ ਮਰਦ ਦਾ ਦੱਬ-ਦੱਬਾਅ ਓਵੇਂ ਹੀ ਜਾਰੀ ਹੈ ਪਰ ਅੱਜ ਦੀ ਔਰਤ ਮਰਦ ਦਾ ਵਿਰੋਧ ਕਰਨ ਲੱਗ ਪਈ ਹੈ। ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਵਿਚ ਜਿੱਥੇ ਔਰਤ ਦਾ ਸੰਤਾਪ, ਤ੍ਰਾਸਦੀ ਸਾਹਮਣੇ ਆਉਂਦੀ ਹੈ ਉੱਥੇ ਔਰਤ ਮਰਦ ਦਾ ਵਿਰੋਧ ਕਰਦੀ ਹੋਈ ਵੀ ਨਜ਼ਰੀ ਪੈਂਦੀ ਹੈ। ਬਲਬੀਰ ਮਾਧੋਪੁਰੀ ਦੀ ਮਾਂ ਆਪਣੇ ਪਤੀ ਦਾ ਰੋਹਬ ਸਹਾਰਦੀ, ਕੁੱਟ-ਮਾਰ ਸਹਿੰਦੀ, ਗਾਲ਼ੀ- ਗਲੋਚ ਸੁਣਦੀ ਹੈ। ਛਾਂਗਿਆ ਰੁੱਖ ਸਵੈ-ਜੀਵਨੀ ਵਿਚ ਕੁੱਝ ਘਟਨਾਵਾਂ ਅਜਿਹੀਆਂ ਹਨ ਜਿੱਥੇ ਬਲਬੀਰ ਮਾਧੋਪੁਰੀ ਦੀ ਮਾਂ ਆਪਣੇ ਪਤੀ ਦਾ ਵਿਰੋਧ ਕਰਦੀ ਤੇ ਕੁੱਝ ਘਟਨਾਵਾਂ ਅਜਿਹੀਆਂ ਵੀ ਹਨ ਜਿੱਥੇ ਉਸ ਦੀ ਮਾਂ ਨੂੰ ਹੀਣਾ ਰਹਿ ਕੇ ਸਭ ਕੁੱਝ ਸਹਾਰਨਾ ਪੈਂਦਾ ਹੈ।

ਮੈਂ ਹੈਰਾਨ ਪਰੇਸ਼ਾਨ ਹੋ ਕੇ ਰਹਿ ਜਾਂਦਾ ਕਿ ਦਰਮਿਆਨੇ ਜਿਹੇ ਕੱਦ-ਕਾਠ ਤੇ ਲਾਖੇ ਰੰਗ ਦਾ ਭਾਈਆ ਕਿਵੇਂ ਮਾਂ ਉੱਤੇ ਰੋਹਬ ਰੱਖਦਾ। ਉਹ ਕਦੀ -ਕਦੀ ਕੁਟਾਪਾ ਵੀ ਚਾੜ੍ਹ ਦਿੰਦਾ ਪਰ ਉਹ ਮੋਹਰੇ ਮੋੜਵਾਂ ਜਵਾਬ ਨਹੀਂ ਦਿੰਦੀ ਤੇ ਨਾਂ ਹੀ ਉਹਨੂੰ ਉੱਚੀ-ਲੰਮੀ ਤੇ ਸੁਨੱਖੀ ਹੋਣ ਦਾ ਮਾਣ ਹੈ।[8]

ਬਲਬੀਰ ਮਾਧੋਪੁਰੀ ਦੀ ਮਾਂ ਆਪਣੇ ਪਤੀ ਦਾ ਬਿਨਾਂ ਵਿਰੋਧ ਕੀਤੇ ਉਸ ਦਾ ਰੋਹਬ ਸਹਿੰਦੀ। ਔਰਤ ਮਰਦ ਦੀ ਕੁੱਟਮਾਰ , ਗਾਲ਼ੀ ਗਲੋਚ ਵਰਗੇ ਸੰਤਾਪ ਨੂੰ ਭੋਗਦੀ ਆਪਣੇ ਦਿਨ-ਕੱਟੀ ਕਰ ਰਹੀ ਹੈ। ਬਲਬੀਰ ਮਾਧੋਪੁਰੀ ਆਪਣੀ ਮਾਂ ਪ੍ਰਤੀ ਵਧੇਰੇ ਚਿੰਤਤ ਹੁੰਦਾ ਜਦੋਂ ਉਸ ਦਾ ਭਾਈਆ ਉਸ ਦੀ ਮਾਂ ਨਾਲ ਮਾਰ ਕੁਟਾਈ ਕਰਦਾ।

ਮੈਂ ਅਕਸਰ ਡਰ ਜਾਂਦਾ ਕਿ ਭਾਈਆ ਹੁਣੀ ਉੱਠ ਕੇ ਮਾਂ ਦੇ ਦੋ ਚਾਰ ਥੱਪੜ ਜਾਂ ਪਿੱਠ ਉੱਤੇ ਹੂਰੇ ਮਾਰ ਕੇ ਆਪਣਾ ਉਬਾਲ ਕੱਢ ਲਏਗਾ ਤੇ ਫਿਰ ਸੁਣ ਵੱਟਾ ਬਣ ਕੇ ਬਹਿ ਜਾਵੇਗਾ ਤੇ ਉਹ ਆਖੀਰ ਬਿਨਾਂ ਹੋਰ ਬੋਲਿਆ ਸੌਂ ਜਾਵੇਗਾ।[9]

ਭਾਈ ਏਨਾ ਕੁ ਸੁਣਿਆ ਹੋਇਆ ਪਤਾ ਭਈ ਬ੍ਰਹਮਾ ਜੀ ਨੇ ਆਪਣੀ ਧੀ ਨਾਲ ਸਹਿਵਾਸ ਕੀਤਾ ਸੀ - ਸ੍ਰਿਸ਼ਟੀ ਨੂੰ ਅੱਗੇ ਤੋਰਨ ਲਈ। ਗ੍ਰੰਥਾਂ 'ਚ ਲਿਖਿਆਂ ਹੋਇਆ।[10]

ਇਹ ਮਿੱਥ ਘਟਨਾ ਔਰਤ ਦੇ ਸੰਤਾਪ ਦਾ ਮੁੱਖ ਕਾਰਨਾਂ ਵਿਚੋਂ ਇਕ ਕਾਰਨ ਇਹ ਵੀ ਬਣਦੀ ਹੈ। ਬਲਬੀਰ ਮਾਧੋਪੁਰੀ ਆਪਣੀ ਸਵੈ-ਜੀਵਨੀ ਛਾਂਗਿਆਂ ਰੁੱਖ ਵਿਚ ਅਜਿਹੀ ਹੀ ਇੱਕ ਘਟਨਾ ਪ੍ਰਸਤੁਤ ਕਰਦਾ ਹੈ ਜਿਸ ਵਿਚ ਔਰਤ ਨੂੰ ਇਸ ਮਿੱਥ ਘਟਨਾ ਕਾਰਨ ਸੰਤਾਪ ਭੋਗਣਾ ਪੈਂਦਾ ਹੈ। ਬਲਬੀਰ ਮਾਧੋਪੁਰੀ ਦਾ ਸਾਹਿਤ ਵਿਚ ਵਧੇਰੇ ਰੁਚੀ ਹੋਣ ਕਾਰਨ ਉਸ ਦੀ ਜਾਣ ਪਛਾਣ ਸੰਪਾਦਕ ਡਾ. ਗੁਰਚਰਨ ਸਿੰਘ ਮੋਹ ਤੇ ਗ਼ਜ਼ਲਗੋ ਵਰਗੇ ਗ਼ਜ਼ਲ ਲਿਖਣ ਵਾਲੇ ਕਵੀ ਨਾਲ ਹੋਈ। ਡਾ. ਗੁਰਚਰਨ ਸਿੰਘ ਮੋਹ ਤੇ ਗ਼ਜ਼ਲਗੋ ਦਿੱਲੀ ਦੀ ਪੋਸ਼ ਕਾਲੋਨੀ ਵਿਚ ਰਹਿੰਦੇ ਗੁਰੂ ਦੇਵ ਪ੍ਰਕਾਸ਼ ਸ਼ਰਮਾ ਦੇ ਸਤਿਸੰਗ ਵਿਚ ਜਾਂਦੇ ਹੁੰਦੇ ਤੇ ਇੱਕ ਦਿਨ ਮਾਧੋਪੁਰੀ ਨੂੰ ਵੀ ਨਾਲ ਲੈ ਗਏ। ਉਨ੍ਹਾਂ ਦੇ ਸਤਿਗੁਰੂ ਵੇਦ ਪ੍ਰਕਾਸ਼ ਸ਼ਰਮਾ ਨੇ ਬ੍ਰਹਮਾ ਵਾਲੀ ਇਸ ਮਿੱਥ ਘਟਨਾ ਨੂੰ ਆਪਣੀ ਨਿੱਜਤਾ ਦੇ ਅਧਾਰ 'ਤੇ ਪੇਸ਼ ਕੀਤਾ।

ਸਤਿਗੁਰੂ ਨੇ ਆਪਣੇ ਮਨ ਦੇ ਮੌਜ ਵਿਚ ਗੱਲ ਤੋਰੀ , ਮੈਂ ਪਿਛਲੇ ਜਨਮ ਵਿਚ ਯੱਗਵਾਲ ਰਿਸ਼ੀ ਸੀ ਤੇ ਮੇਰੀ ਪਤਨੀ ਗਾਰਗੀ ਸੀ ਜੋ ਹੁਣ ਮੇਰੀ ਧੀ ਸ਼ੀਲਾ ਦੇ ਜਾਮੇ ਵਿਚ ਮੇਰੇ ਨਾਲ ਹੈ।[11]

ਇਸ ਘਟਨਾ ਦਾ ਸੰਤਾਪ ਸਤਿਗੁਰੂ ਵੇਦ ਪ੍ਰਕਾਸ਼ ਸ਼ਰਮਾ ਦੀ ਬੇਟੀ ਨੂੰ ਭੋਗਣਾ ਪੈ ਰਿਹਾ ਹੈ ਉਹ ਚਾਹੁੰਦੀ ਹੋਈ ਵੀ ਆਪਣੇ ਪਿਤਾ ਦਾ ਵਿਰੋਧ ਨਾ ਕਰ ਸਕੀ ਉਸ ਔਰਤ ਦਾ ਸੰਤਾਪ ਉਸ ਵੱਲੋਂ ਕੀਤੀਆਂ ਗੱਲਾਂ ਵਿਚੋਂ ਸਾਫ਼ ਝਲਕਦਾ ਹੈ ਕਿ ਨਾ ਮੈਂ ਆਪਣੇ ਪਿਤਾ ਦੀ ਵਜ੍ਹਾ ਕਾਰਨ ਨਾ ਮੈਂ ਵਿਆਹੀਆਂ ਵਿਚ ਤੇ ਨਾ ਹੀ ਮੈਂ ਕੁਆਰੀਆਂ ਵਿਚ।

ਬਲਬੀਰ ਮਾਧੋਪੁਰੀ ਆਪਣੇ ਮਿੱਤਰ ਗੁਰਚਰਨ ਸਿੰਘ ਮੋਹੇ ਨੂੰ ਸਤਿਗੁਰੂ ਦੀ ਇਸ ਗੱਲ ਤੇ ਕਿੰਤੂ ਕੀਤਾ। ਮੋਹੇ ਦੇ ਮੁੰਡੇ ਸੁਖਬੀਰ ਨੇ ਮਾਧੋਪੁਰੀ ਨੂੰ ਆਖਿਆ ਕਿ ਉਹ ਸਤਿਗੁਰੂ ਦੀ ਲੜਕੀ ਨੂੰ ਮਿਲ ਕੇ ਪੁੱਛ ਆਵੇਗਾ।ਇਹ ਕੋਹੀ ਕੇ ਸੁਖਬੀਰ ਸਕੂਟਰ ਨੂੰ ਕਿੱਕ ਮਾਰ ਕੇ ਉਸ ਲੜਕੀ ਨੂੰ ਪੁੱਛਣ ਚਲਾ ਜਾਂਦਾ ਹੈ।

ਉਸ ਨੇ ਕਾਹਲੀ ਨਾਲ ਸਕੂਟਰ ਨੂੰ ਕਿੱਕ ਮਾਰੀ ਤੇ ਥੁੜੀ ਦੇਰ ਪਿੱਛੋਂ ਮਾਯੂਸ ਜਿਹੀ ਅਵਾਜ਼ ਵਿਚ ਦੱਸ ਲੱਗਾ, ਪਿਤਾ ਜੀ ਦੀ ਪ੍ਰਿੰਸੀਪਲ ਲੜਕੀ ਨੂੰ ਮਿਲ ਕੇ ਪੁੱਛ ਆਇਆ- ਉਹ ਕਹਿੰਦੀ ਆ- ਆਪਣੇ ਪਿਤਾ ਦੀ ਵਜ੍ਹਾ ਕਰ ਕੇ ਮੈਂ ਹੁਣ ਨਾ ਵਿਆਹੀਆਂ ਵਿਚ ਹਾਂ ਤੇ ਨਾ ਹੀ ਕੁਆਰੀਆਂ ਵਿਚ ਹਾਂ।[12]

ਛਾਂਗਿਆ ਰੁੱਖ ਸਵੈਜੀਵਨੀ ਵਿਚ ਜਿੱਥੇ ਔਰਤ ਤ੍ਰਾਸਦੀ ਤੇ ਸੰਤਾਪ ਨੂੰ ਭੋਗਦੀ ਹੈ ਉੱਥੇ ਇਸ ਦਾ ਵਿਰੋਧ ਵੀ ਕਰਦੀ ਵੀ ਨਜ਼ਰੀ ਆਉਂਦੀ ਹੈ ਛਾਂਗਿਆ ਰੁੱਖ ਸਵੈਜੀਵਨੀ ਵਿਚ ਕੁੱਝ ਕੁ ਅਜਿਹੀਆਂ ਘਟਨਾਵਾਂ ਸਾਡੇ ਸਾਹਮਣੇ ਸਨਮੁੱਖ ਹੁੰਦੀਆਂ ਹਨ ਜਿੱਥੇ ਬਲਬੀਰ ਮਾਧੋਪੁਰੀ ਦੀ ਮਾਂ ਆਪਣੇ ਪਤੀ ਦੇ ਜ਼ੁਲਮ ਦਾ ਸਾਹਮਣਾ ਕਰਦੀ, ਉਸ ਦਾ ਵਿਰੋਧ ਕਰਦੀ।

ਜੇ ਏਡੀ ਲੋੜ ਆ ਤਾਂ ਐਤਕੀਂ ਮੀਣੀ ਤੇ ਬੂਰੀ ਦੋਵੇਂ ਕਿੱਲੇ 'ਤੇ ਬੱਝੀਆਂ ਰਹਿਣ ਦੇਈਂ- ਨਾਲੇ ਨਿਆਣੇ ਖਾਣ-ਪੀਣਗੇ। ਮਾਂ ਨੇ ਤਰਕ ਮਾਰੀ।

ਕਿੱਦਾਂ ਮੂੰਹ ਭਰ ਕੇ ਬੱਕੀ ਜਾਂਦੀ ਆ, ਜਿਹੜੀ ਤੇਰੇ ਕੁਲਗਦਿਆਂ ਤੋਂ ਰਕਮ ਲਈ ਆ ਕੋਠੇ ਦੇ ਕੌਲੇ ਕੱਢਣ ਲਈ ਉਹ ਤੇਰੇ ਪੇ ਨੇ ਦੇਣੀ ਆ?

ਜਦੋਂ ਬੋਲਦਾ ਮੇਰੇ ਜਣਦਿਆਂ ਤੱਕ ਜਾਂਦਾ। ਖ਼ਾਹ-ਮਖ਼ਾਹ ਗਲ਼ ਪਈ ਜਾਂਦਾ। ਗੱਲ ਕਿੱਧਰ ਦੀ ਹੁੰਦੀ ਆ ਲੈ ਕਿੱਧਰ ਨੂੰ ਜਾਂਦਾ ਆ।[13]

ਔਰਤ ਜੇਕਰ ਘਰ ਦੇ ਮਸਲਿਆ ਵਿਚ ਸਲਾਹ ਮਸ਼ਵਰਾ ਵੀ ਕਰੇ ਤਾਂ ਵੀ ਮਰਦ ਉਸ ਨੂੰ ਅੱਖਾਂ ਦਿਖਾਉਂਦਾ ਤੇ ਉਸ ਦੇ ਪਿਛਲਿਆਂ ਤੱਕ ਜਾਂਦਾ। ਬਲਬੀਰ ਮਾਧੋਪੁਰੀ ਦੀ ਮਾਂ ਮਾਧੋਪੁਰੀ ਦੇ ਭਾਈਏ ਦਾ ਵਿਰੋਧ ਕਰਦੀ ਤੇ ਉਹਨੂੰ ਮੋੜਵਾਂ ਜਵਾਬ ਦਿੰਦੀ

ਮਰਦ ਪ੍ਰਧਾਨ ਸਮਾਜ ਔਰਤ 'ਤੇ ਆਪਣੀ ਸਾਰੀ ਭੜਾਸ ਕੱਢ ਦਿੰਦਾ। ਜੇ ਔਰਤ ਅੱਗੋਂ ਬੋਲੇ ਤਾਂ ਉਸ ਦੇ ਪਿਛਲਿਆਂ ਤੱਕ ਜਾਂਦਾ। ਜੇ ਉਸ ਦੇ ਪਿਛਲਿਆਂ ਤਾਈਂ ਕੋਈ ਕੰਮ ਹੋਵੇ ਤੇ ਉਹ ਨਾ ਕਰਨ ਤਾਂ ਵੀ ਮਰਦ ਉਸ ਨੂੰ ਮਿਹਣੇ ਮਾਰਦਾ ਨਾ ਥੱਕਦਾ। ਸਵੈ ਜੀਵਨੀ ਵਿਚ ਜਿਵੇਂ ਮਾਧੋਪੁਰੀ ਦਾ ਵੱਡਾ ਭਰਾ ਬਿਰਜੂ ਲਈ ਨੌਕਰੀ ਬਾਰੇ ਭਾਈਆਂ ਬਿਰਜੂ ਦੇ ਆਈ ਏ ਐੱਸ ਬਣੇ ਮਾਮੇ ਨੂੰ ਕੋਈ ਸਿਫ਼ਾਰਿਸ਼ ਲਈ ਕਹਿੰਦਾ ਤਾਂ ਜਦੋਂ ਉਸ ਦਾ ਮਾਮੇ ਵੱਲੋਂ ਕੋਈ ਜਵਾਬ ਨਾ ਆਇਆ ਤਾਂ ਭਾਈਆ ਉਸ ਦਾ ਗ਼ੁੱਸਾ ਆਪਣੇ ਪਤਨੀ ਨੂੰ ਮਿਹਣੇ ,ਮਾਰ ਕੇ ਕੱਢਦਾ।

ਭਾਈਆ ਮਾਂ ਨੂੰ ਉਹਦੇ ਭਰਾਵਾਂ ਦੇ ਮਿਹਣੇ ਮਾਰਦਾ, ਪੁੱਠਾ-ਸਿੱਧਾ ਬੋਲਦਾ। ਗ਼ੁੱਸੇ ਵਿਚ ਕਈ ਚੀਜ਼ਾਂ ਚੁੱਕ-ਚੁੱਕ ਮਾਰਦਾ।.... ਤੇ ਮਾਂ ਜਿਵੇਂ ਹਿੱਕ 'ਤੇ ਪੱਥਰ ਰੱਖ ਕੇ ਸਭ ਕੁੱਝ ਜ਼ਰ ਲੈਂਦੀ। ਬੱਸ ਇੰਨਾ ਹੀ ਕਹਿੰਦੀ , ਭਲਾ ਮੇਰੇ ਹੱਥ ਵੱਸ ਕੀ ਆ? ਖਹਿਣ ਸੁਣਨ ਈ ਹੁੰਦਾ ...।[14]

## 4.2 ਕਿਸਾਨੀ ਤੇ ਕੰਮੀਂ ਜਮਾਤ ਦਾ ਆਪਸੀ ਸੰਘਰਸ਼

ਕਿਸਾਨ ਤੇ ਕੰਮੀਂ ਜਮਾਤ ਦਾ ਆਪਸੀ ਸੰਘਰਸ਼ ਮੁੱਢ ਤੋਂ ਹੀ ਚਲਦਾ ਅਜਿਹਾ ਹੈ ਕਿਸਾਨ ਕੰਮੀਂ ਜਮਾਤ ਨੂੰ ਆਪਣੇ ਖੇਤਾਂ ਵਿਚ ਰੁਜ਼ਗਾਰ ਤਾਂ ਦਿੰਦੇ ਪਰ ਕੰਮੀਂ ਜਮਾਤ ਪ੍ਰਤੀ ਤ੍ਰਿਸਕਾਰ ਭਰਿਆ ਰਵੱਈਆ ਨਹੀਂ ਤਿਆਗਦੇ ਕਿਸਾਨ ਕੰਮੀਂ ਜਮਾਤ ਦੀਆਂ ਔਰਤਾਂ ਮਰਦਾਂ ਤੇ ਬੱਚਿਆ ਨੂੰ ਗਾਲ਼ ਗਲੋਚ ਕਰਦੇ ਤੇ ਆਪਣਾ ਰੋਹਬ ਕਾਇਮ ਰੱਖਦੇ। ਦਲਿਤ ਵਰਗ ਜਾਂ ਕੰਮੀਂ ਜਮਾਤ ਇਸ ਦੱਬ-ਦੱਬਾਅ ਦਾ ਵਿਰੋਧ ਕਰਦੇ ਤੇ ਕਿਸਾਨ ਨੂੰ ਮੋੜਵਾਂ ਜੁਆਬ ਦਿੰਦੇ ਆਰਥਿਕ ਮੰਦਹਾਲੀ ਦੇ ਮਾਰੇ ਕੰਮੀਂ ਜਮਾਤ ਕਿਸਾਨਾਂ ਅੱਗੇ ਤਰਲੇ ਤੇ ਨਿਮਾਣੇ ਹੋ ਕੇ ਰਹਿੰਦੇ।

ਅਸੀਂ ਕੰਮੀਆਂ-ਕਮੀਣਾਂ ਨ ਹੋਰ ਕਿੱਥੇ ਜਾਣਾ! ਧੁਆਡੇ ਬੱਟਾਂ ਬੰਨ੍ਹਿਆ ਤੋਂ ਹੀ ਘਾਹ-ਪੱਠਾ ਖੋਤਣਾ ਆ। ਨਾਲੇ ਧੁਆਡੀਆਂ ਮੱਝਾਂ ਦੀ ਟਹਿਲ- ਸੇਬਾ ਕਰਦੇ ਆ![15]

ਪਰ ਜੱਟ ਜਾਂ ਕਿਸਾਨ ਵਰਗ ਕੰਮੀਂ ਜਮਾਤ ਦੇ ਇਸ ਵਿਵਹਾਰ ਜਾਂ ਨਿਰਮਾਣਤਾ ਨੂੰ ਖਚਰੀਆਂ ਗੱਲਾਂ ਦੱਸਦੇ ਤੇ ਆਪਣਾ ਰੋਹਬ ਤੇ ਦੱਬ-ਦੱਬਾਅ ਕਾਇਮ ਰੱਖਦੇ।

ਬਹੁਤੀਆਂ ਖਚਰੀਆਂ ਗੱਲਾਂ ਨਾ ਕਰ-ਕਰ ਦੱਸ! ਸਾਡੀਆਂ ਅਧਿਆਰੀਆਂ ਮੱਝਾਂ ਲੈ ਕੇ ਆ ਗਿਆ, ਜਿੱਦਾਂ ਧੁਆਨੂੰ ਅੱਧ ਨਹੀਂ ਮਿਲਦਾ-ਕਦੀ ਹਿੱਕ ਚੌੜੀ ਕਰ ਕੇ ਕਹਿੰਦੇ ਆ ਆਖੇ ਤਿੰਨ ਹਿੱਸੇ ਸਾਡੇ ਤੇ ਦੋ ਧੁਆਡੇ![16]

ਗੱਲ ਦਾ ਰੁੱਖ ਆਪੋ-ਆਪਣੀ ਹੱਕਾਂ ਵੱਲ ਬਦਲਣ ਕਰ ਕੇ ਮਾਹੌਲ ਮਘਣ ਲੱਗ ਪਿਆ। ਪਰ ਤਾਏ ਬੰਤੇ ਨੇ ਥੁੜੀ ਕੁ ਦੇਰ ਚੁੱਪ ਰਹਿ ਕੇ ਹਲੀਮੀ ਨਾਲ ਵਿਚੋਂ ਟੋਕਦਿਆਂ ਫਿਰ ਆਖਿਆ, ਸਰਦਾਰਾ ਜਿਹੜੀ ਪੰਜ- ਦਵੰਜ੍ਹੀ ਅਧਿਕਾਰੀ ਦੀ ਤੂੰ ਗੱਲ ਕਰਦਾ - ਉਹ ਕਈ-ਕਈ ਵਾਰ ਫਿਰ ਜਾਂਦੀ ਏ, ਕਈ ਬਾਰੀ ਫੰਡਰ ਰਹਿ ਜਾਂਦੀ ਆ- ਅਖੀਰ ਬੁੱਚੜਾਂ ਨੂੰ ਈ ਰੱਸਾ ਫੜਾਉਣਾ ਪਈਦਾ ਆ- ਹਾਂ ਠਾਕਰ ਨੇ ਬੂਰੀ ਮੱਝ ਦੀ ਦੋ ਢਾਈ ਸਾਲ ਰੱਜ ਕੇ ਸੇਬਾ ਕੀਤੀ -ਸੂਣ ਤੋਂ ਪਹਿਲਾਂ ਉਹ ਦੰਦਾਂ ਦਿੰਦੀ ਰਹੀ ਤੇ ਸੂਣ ਵੇਲੇ ਮਰ ਗਈ- ਅਸੀਂ ਵੀ ਏਦਾਂ ਸੱਟਾ ਝੱਲਦੇ ਈ ਆ।[17]

ਕੰਮੀਂ ਜਮਾਤ ਕਿਸਾਨ ਵਰਗ ਦੇ ਇਸ ਜ਼ੁਲਮ ਤੇ ਤਸ਼ੱਦਦ ਦਾ ਵਿਰੋਧ ਕਰਦਾ ਤੇ ਆਪਣੇ ਹੱਕਾਂ ਜਾਂ ਆਪਣੇ ਪੱਖਾ ਦੀ ਮੰਗ ਕਰਦੇ। ਕਿਸਾਨ ਆਪਣੇ ਪੱਖ ਨੂੰ ਪੂਰਦਾ ਤੇ ਕੰਮੀਂ ਜਮਾਤ ਆਪਣੇ ਪੱਖ ਨੂੰ। ਕਿਸਾਨ ਦੀਆਂ ਪੈਲ਼ੀਆਂ ਵਿਚੋਂ ਜੇ ਕੋਈ ਚੋਰੀ ਪੱਠੇ ਵੱਢ ਲਿਆਉਂਦਾ ਤਾਂ ਕਿਸਾਨ ਦੀ ਅੱਖ ਕੰਮੀਂ ਜਮਾਤੀ ਦੇ ਲੋਕਾਂ ਉੱਪਰ ਹੀ

ਰਹਿੰਦੀ ਉਹ ਇਹ ਨਹੀਂ ਸੋਚਦੇ ਕਿ ਪੱਠੇ ਸਾਡੇ ਬੰਦਿਆ ਨੇ ਵੀ ਵੱਢੇ ਹੋ ਸਕਦੇ ਆਪਣਾ ਰੋਹਬ ਭੜਾਸ ਕੱਢਣ ਲਈ ਉਹ ਕੰਮੀਂ ਜਮਾਤ ਦੇ ਮੁਹੱਲੇ ਵੜ ਜਾਂਦੇ ਤੇ ਅਬਾ-ਤਬਾ ਬੋਲਣ ਲੱਗ ਪੈਂਦੇ। ਜਿਸ ਦੀ ਵਿਰੋਧਤਾ ਕੰਮੀਂ ਜਮਾਤ ਵੱਲੋਂ ਹੁੰਦੀ ਛਾਂਗਿਆ ਰੁੱਖ ਸਵੈ-ਜੀਵਨੀ ਵਿਚ ਅਜਿਹੀ ਘਟਨਾ ਸਾਹਮਣੇ ਆਉਂਦੀ ਹੈ ਕਿਸਾਨ ਆਪਣੇ ਖੇਤ ਵਿਚ ਚੋਰੀ ਵੱਢੇ ਪੱਠਿਆ ਦਾ ਉਲਾਹਮਾ ਜਦੋਂ ਕੰਮੀਂ ਜਮਾਤ ਦੇ ਮੁਹੱਲੇ ਆ ਕੇ ਦਿੰਦਾ ਤਾਂ ਉਹ ਕੰਮੀਂ ਜਮਾਤ ਦੀਆਂ ਔਰਤਾਂ ਬੱਚਿਆ ਤੇ ਮਰਦਾਂ ਨੂੰ ਗਾਲ਼ੀ, ਗਲੋਚ ਕਰਦਾ। ਜਿਸ ਦਾ ਮੁੜਵਾ ਵਿਰੋਧ ਕੰਮੀਂ ਜਮਾਤ ਦਾ ਫੁੰਮ੍ਹਣ ਕਰਦਾ।

ਫੁੰਮ੍ਹਣ ਨੂੰ ਤਾਇਆ ਬੰਤਾ ਤੇ ਹੋਰ ਬਾਂਹੋਂ ਫੜ ਕੇ ਉਰਾਂ ਪਰ੍ਹਾ ਕਰਨ ਦੀ ਵਾਹ ਲਾ ਰਹੇ ਸਨ ਪਰ ਉਹ ਗ਼ੁੱਸੇ 'ਚ ਫਰਾਟੇ ਮਾਰਦਾ ਕਿਸੇ ਦੀ ਸੁਣ ਹੀ ਨਹੀਂ ਰਿਹਾ ਸੀ ਤੇ ਜ਼ੋਰ-ਜ਼ੋਰ ਦੀ ਕਾਹਲੀ-ਕਾਹਲੀ ਬੋਲੀ ਜਾ ਰਿਹਾ ਸੀ, ਜੋ ਲੱਲੂ -ਪੰਜ ਉੱਠਦਾ ਮਾੜੀ ਧਾੜ ਚਮ੍ਹਾਰਲੀ ਆ ਜਾਂਦਾ! ਕਦੀ ਸਾਡੀਆਂ ਮਾਵਾਂ-ਭੈਣਾਂ ਹੱਥੋਂ ਰੰਬੇ ਦਾਤੀਆਂ ਖੋਹ ਲਈਂਦੇ ਆ - ਕਦੀ ਸਿਰਾਂ ਤੋਂ ਦੁਪੱਟੇ ਲਾ ਲਈਂਦੇ ਆ!ਨ ਕੀ ਰਵਿੰਦਰ ਭਾਲਿਆ ਇਨ੍ਹਾਂ ਨੇ! ਭਾਮੇ ਇਨ੍ਹਾਂ ਦੇ ਬੰਦਿਆ ਨੇ ਪੱਠੇ-ਗਾਚਾ ਬੱਢ ਲਿਆ ਹੋਬੇ ਤਾਂਮੀ ਸਾਡੇ ਸਿਰ ਮੜ੍ਹ ਦਿੰਦੇ ਆ -ਕੋਈ ਸੁਣਨ ਆਲਾ ਈ ਨਈ੍ਹ![18]
ਕੰਮੀਂ ਜਮਾਤ ਦੇ ਬਜ਼ੁਰਗ ਕਿਸਾਨਾਂ ਜਾਂ ਸਰਦਾਰ ਦੀ ਆਓ ਭਗਤ ਹੀ ਕਰਦੇ ਰਹਿੰਦੇ ਬੇਸ਼ੱਕ ਕਿਸਾਨ ਉਨ੍ਹਾਂ ਨੂੰ ਗਾਲ਼ੀ ਗਲੋਚ ਕਰਦੇ ਉਹ ਫਿਰ ਵੀ ਉਨ੍ਹਾਂ ਦਾ ਕੋਈ ਵਿਰੋਧ ਨਹੀਂ ਕਰਦੇ।

ਧੁਆਡੀਆਂ ਸਰਦਾਰੀਆਂ ਕੈਮ ਰਹਿਣ ਹਊ-ਪਰੇ ਕਰ ਹੁਣ...। ਤਾਏ ਨੇ ਗੱਲ ਮੁਕਾਉਂਦਿਆ ਕਿਹਾ ਤੇ ਨਲੀਆਂ ਵਾਲਾ ਛਿੱਕੂ ਭੁੰਜੇ ਰੱਖ ਕੇ ਸਿਰ ਮੋਹਰਲੇ ਗੰਜ 'ਤੇ ਟੋਟਰ ਉੱਤੇ ਹੱਥ ਨਾਲ ਖਾਜ ਕੀਤੀ।[19]

ਦੂਜੇ ਪਾਸੇ ਕੰਮੀਂ ਜਮਾਤ ਦੀ ਉਹ ਪੜ੍ਹੀ ਲਿਖੀ ਨੌਜੁਆਨ ਪੀੜ੍ਹੀ ਇਹੋ ਜਿਹੇ ਵਿਤਕਰੇ ਦਾ ਭਰਵਾਂ ਵਿਰੋਧ ਕਰਦੀ ਹੈ ਤੇ ਉਹ ਇਹੋ ਜਿਹੇ ਦੱਬ-ਦੱਬਾਅ ਤੇ ਰੋਹਬ ਨਹੀਂ ਝੱਲਦੀ।

ਕਿਸੇ ਹੋਰ ਨੂੰ ਧੌਂਸ ਦੇਈਂ- ਉਹ ਜ਼ਮਾਨਾ ਗਿਆ ਜਦੋਂ ਇਹ ਸਾਰੇ ਧੁਆਡੇ ਅੱਗੇ ਰੀਂ-ਰੀਂ ਕਰਦੇ ਹੁੰਦੇ ਸੀ।[20]

ਕਿਸਾਨ ਵਰਗ ਕੰਮੀਂ ਜਮਾਤ ਵੱਲੋਂ ਕੀਤਾ ਵਿਰੋਧ ਨਹੀਂ ਸਹਾਰਦੇ ਤੇ ਉਨ੍ਹਾਂ ਨੂੰ ਅਬਾ-ਤਬਾ ਬੋਲਦੇ ਛਾਂਗਿਆ ਰੁੱਖ ਸਵੈ-ਜੀਵਨੀ ਵਿਚ ਪ੍ਰਸਤੁਤ ਘਟਨਾ ਹਾਮੀ ਭਰਦੀ ਹੈ ਕਿ ਕਿਸਾਨ ਵਰਗ ਕੰਮੀਂ ਜਮਾਤ ਨੂੰ ਬੁਰਾ ਭਲਾ ਕਹਿਣ ਲੱਗੇ ਜ਼ਰਾ ਵੀ ਨਹੀਂ ਸੋਚਦੇ ਉਹ ਜਾਤੀ ਸੂਚਕ ਸ਼ਬਦ ਵਰਤ ਕੇ ਕੰਮੀਂ ਜਮਾਤ ਨੂੰ ਨੀਵਾਂ ਦਿਖਾਉਂਦੇ ਤੇ ਉਨ੍ਹਾਂ ਨਾਲ ਕੁੱਟ ਮਾਰ ਕਰਨੀ ਤਾਂ ਐਵੇਂ ਜਿਹੀ ਗੱਲ ਸਮਝਦੇ।

ਪਟੱਕ -ਪਟੱਕ ਜੁੱਤੀਆਂ ਲੱਗੀਆਂ ਤਾਂ ਆਪੇ ਹੀ ਸਿੱਧੇ ਹੋ ਜਾਣਾ ਸਾਰਿਆਂ ਨੇ ਜਿਹੜੇ ਬਾਹਬਰ-ਬਾਹਬਰ ਬੋਲਦੇ ਆ। ਰੰਡੀ (ਮੇਰੀ ਤਾਈ ਵੱਲ ਇਸ਼ਾਰਾ) ਦਾ ਪੁੱਤ ਸੁਦਾਗਰ ਦਾ ਘੋੜਾ ਕਦੀ ਸਿੱਧੇ ਰਾਹ ਨਈ੍ਹਂ ਤੁਰਦੇ! ਥੂਹ-ਥੂਹ ਨੇ ਫਿਰ ਆਪਣੀ ਭੜਾਸ ਕੱਢੀ। ਜ਼ਰਾ ਕੁ ਰੁਕ ਕੇ ਪਹਿਲਾ ਨਾਲੋਂ ਮੱਠੀ ਅਵਾਜ਼ ਵਿਚ ਆਖਿਆ, ਚਿੜੀ, ਚੂਹੇ, ਚਮਾਰ ਦਾ ਸਾਲਾ ਬਾਧਾ ਈ ਬਹੁਤ ਆ।[21]

ਕੰਮੀਂ ਜਮਾਤ ਦੇ ਨੌਜੁਆਨ ਵਰਗ ਸਦੀਆਂ ਤੋਂ ਚੱਲੀ ਆ ਰਹੀ ਦੱਬ-ਦਬਾਅ ਵਾਲੀ ਪ੍ਰਥਾ ਦਾ ਡਟ ਕੇ ਵਿਰੋਧ ਕਰਦੇ। ਆਪਣੇ ਲਈ ਵਰਤੀ ਦੁਰਕਾਰ ਤੇ ਤ੍ਰਿਸਕਾਰ ਵਾਲੀ ਭਾਸ਼ਾ ਦਾ ਵਿਰੋਧ ਕਰਦੇ ਤੇ ਕਿਸਾਨ ਨੂੰ ਮੂੰਹ ਸਮ੍ਹਾਲ ਕੇ ਗੱਲ ਕਰਨ ਲਈ ਕਹਿੰਦੇ।

ਮੂੰਹ-ਸਮ੍ਹਾਲ ਕੇ ਗੱਲ ਕਰ ਨਈਂ ਤਾਂ ਮੂਈ ਜਿਹੀ ਪੱਟ ਕੇ ਹੱਥ ਫੜ੍ਹਾ ਦਊ! ਨਾਲੇ ਆਪਣੇ ਪਤੰਦਰ ਨੂੰ ਪਈਂਲਾਂ ਪੁੱਛ ਜੇਨੇ ਮੇਰੀ ਮਾਂ ਦੇ ਪਰੈਣ ਮਾਰੀ ਸੀ- ਉਹਦੀਆਂ ਨੱਕ ਨਾਲ ਲੀਕਾਂ ਕਢਾਈਆਂ ਸੀ ਠਾਣੇ! ਜਦ ਤਈਨੂੰ ਸਾਰ ਕਹਿੰਦੇ ਆ ਕਿ ਭਾਮੇ ਗੁਰਦੁਆਰੇ ਚੜ੍ਹਾ ਲਾ ਜੇ ਤੇਰਾ ਇਨ੍ਹਾਂ ਨੇ ਨੁਕਸਾਨ ਕੀਤਾ ਤਾਂ - ਤਾਂਮੀ ਉੱਤੇ -ਦੇ -ਉੱਤੇ ਚੜ੍ਹੀ ਜਾਨਾ![22]

ਨੌਜੁਆਨ ਪੀੜ੍ਹੀ ਕਿਸਾਨ ਦਾ ਤਾਂ ਭਰਵਾਂ ਵਿਰੋਧ ਕਰਦੀ ਪਰ ਕੰਮੀਂ ਜਮਾਤ ਦੀ ਅਨਪੜ੍ਹ ਬਜ਼ੁਰਗਾਂ ਦੀ ਪੀੜ੍ਹੀ ਆਪਣੇ ਬੱਚਿਆ ਨੂੰ ਦਬਕਦੀ ਕਿ ਉਹ ਕਿਸਾਨਾਂ ਅੱਗੇ ਬਹੁਤਾ ਨਾ ਬੋਲਣ। ਉਹ ਆਪਣੇ ਬੱਚਿਆ ਨੂੰ ਗ਼ਲਤ ਸਮਝਦੀ ਤੇ ਕਿਸਾਨਾਂ ਨੂੰ ਸਹੀ। ਇਹੋ ਜਿਹੀ ਕੰਮੀਂ ਜਮਾਤ ਦੇ ਬਜ਼ੁਰਗਾਂ ਦੀ ਇਹ ਮਾਨਸਿਕਤਾ ਸਦੀਆਂ ਤੋਂ ਹੀ ਬਣੀ ਹੋਈ ਹੈ। ਪਰ ਨੌਜੁਆਨ ਪੀੜ੍ਹੀ ਕਿਸਾਨਾਂ ਦਾ ਇਹੋ ਰੋਹਬ ਨਹੀਂ ਨਹੀਂ ਸਹਾਰਦਾ।

ਏਸੇ ਦੌਰਾਨ ਮੇਰਾ ਤਾਇਆ ਰਾਮਾ ( ਰਾਮ ਲਾਲ) ਆ ਗਿਆ ਤੇ ਆਉਂਦਿਆਂ ਹੀ ਉਸ ਨੇ ਛੁੰਮ੍ਹਣ ਨੂੰ ਦਬਕਿਆ , ' ਕੀ ਝਾਜੂਆਣਾ ਪਾਇਆ ਉਏ ਤੂੰ, ਘਰ ਨੂੰ ਬਗ ਜਾਹ ਸੌ ਜੁੱਤੀ ਮਾਰੂੰ![23]

ਜ਼ਿਮੀਂਦਾਰ ਜਾਂ ਕਿਸਾਨ ਕੰਮੀਂ ਕਮੀਣਾਂ ਨੂੰ ਆਪਣੇ ਸੇਵਾਦਾਰ ਸਮਝਦੇ ਹਨ । ਉਹ ਕੰਮੀਂ ਜਮਾਤ ਵੱਲੋਂ ਉਨ੍ਹਾਂ ਲਈ ਕੀਤੀ ਕੋਈ ਵੀ ਕਾਰਗੁਜ਼ਾਰੀ ਉਨ੍ਹਾਂ ਨੂੰ ਆਪਣਾ ਹੱਕ ਹੀ ਲੱਗਦੀ ਕਿ ਇਨ੍ਹਾਂ ਕੰਮੀਂ ਕਮੀਣਾਂ ਨੇ ਸਾਡੀ ਸੇਵਾ ਹੀ ਕਰਨੀ ਹੈ। ਅਜਿਹਾ ਦ੍ਰਿਸ਼ ਛਾਂਗਿਆ ਰੁੱਖ ਸਵੈ-ਜੀਵਨੀ ਵਿਚ ਰੂਪਮਾਨ ਹੁੰਦਾ ਹੈ। ਬਾਜ਼ੀ ਵਾਲੇ ਮੁੰਡਿਆ ਨੇ ਆਪਣਾ ਸਰੀਰ ਤੋੜ ਕੇ ਆਪਣੇ ਜੌਹਰ ਦਿਖਾਏ ਤੇ ਲੋਕਾਂ ਦਾ ਮਨੋਰੰਜਨ ਕੀਤਾ ਪਰ ਜ਼ਿਮੀਂਦਾਰਾਂ ਨੇ ਉਨ੍ਹਾਂ ਬਾਜ਼ੀ ਪਾਉਣ ਵਾਲੇ ਮੁੰਡਿਆਂ ਦੀ ਧੇਲੇ ਦੀ ਕਦਰ ਨਹੀਂ ਪਾਈ ਉਲਟਾ ਕਹਿੰਦੇ ਕਿ ਇਨ੍ਹਾਂ ਕੰਮੀ ਕਮੀਣਾਂ ਨੇ ਸੇਵਾ ਤੇ ਮਨ ਪਰਚਾਵਾ ਹੀ ਕਰਨਾ ਹੈ। ਮਾਧੋਪੁਰੀ ਦਾ ਭਾਈਆ ਆਖਦਾ ਹੈ ਕਿ ਊਚ-ਨੀਚ ਦਾ ਕਲੰਕ ਬਗੈਰ ਜੁੱਤੀ ਦੇ ਨਹੀਂ ਮਿਟਣਾ।

ਜਦੋਂ ਮੈਂ ਘਰ ਪਹੁੰਚਾ ਤਾਂ ਭਾਈਆ ਮੈਨੂੰ ਜਿਵੇਂ ਸਮਝਾਉਣ ਲੱਗ ਪਿਆ - ਬਾਗ਼ ਆਲ਼ੇ ਮੁੰਡਿਆ ਨੇ ਸਰੀਰ ਤੋੜ-ਤੋੜ ਸਿੱਟਾ ਤਾ - ਰੌਣਕ -ਮੇਲਾ ਕਰ ਕੇ ਲੋਕਾਂ ਦਾ ਚਿੱਤ ਪਰਚਾ ਤਾ ਪਰ ਇਨ੍ਹਾਂ ਜ਼ਿਮੀਂਦਾਰਾਂ ਨੂੰ ਧੇਲੇ ਜਿੰਨੀ ਕਦਰ ਨਈਂ - ਅਕੇ ਕੰਮੀਂ -ਕਮੀਣਾਂ ਦਾ ਕੰਮ ਈ ਸੇਵਾ ਤੇ ਮਨ ਪਰਚਾਵਾ ਕਰਨਾ ਆ - ਮੈਂ ਤਾਂ ਕਈਨਾ ਪਈ ਸਾਢੇ ਮੁਲਖ ਚੋਂ ਊਚ-ਨੀਚ ਦਾ ਕਲੰਕ ਬਗੈਰ ਜੁੱਤੀ ਦੇ ਨਈਂ ਮਿਟਣਾ।[24]

ਕੰਮੀਂ ਜਮਾਤ ਦਿਨ ਰਾਤ ਕਿਸਾਨਾਂ ਦੇ ਦਿਨ ਰਾਤ ਕਿਸਾਨਾਂ ਦੇ ਖੇਤਾਂ ਵਿਚ ਕੰਮ ਕਰਦੇ ਤੇ ਜਦੋਂ ਆਪਣੀ ਮਿਹਨਤ ਜਾਂ ਦਿਹਾੜੀ ਵਧਾਉਣ ਦੀ ਗੱਲ ਕਰਦੇ ਤਾਂ ਕਿਸਾਨ ਉਨ੍ਹਾਂ ਨੂੰ ਧਮਕੀਆਂ ਦਿੰਦੇ ਕਿ ਜੇ ਤੁਸੀਂ ਦਿਹਾੜੀ ਵਧਾਉਣ ਦੀ ਗੱਲ ਕੀਤੀ ਤਾਂ ਸਖ਼ਤ ਨਾਕਾ ਬੰਦ ਕਰਾਂਗੇ।

ਤਾਏ ਰਾਮੇ ਨੇ ਦੱਸਿਆ, ਬਈ ਜ਼ਿਮੀਂਦਾਰਾਂ ਨੇ ਸਨੇਹਾ ਘੱਲਿਆ ਕਿ ਦਿਹਾੜੀ ਵਧਾਉਣ ਦੀ ਮੰਗ ਛੱਡ ਦਿਓ- ਨਈ੍ਹ ਤਾਂ ਹੋਰ ਸਖ਼ਤ ਨਾਕਾ ਬੰਦੀ ਕਰਾਂਗੇ।[25]

ਕਿਸਾਨਾਂ ਦੀ ਇਹੋ ਜਿਹੀ ਧਮਕੀ ਸੁਣ ਕੇ ਕੰਮੀਂ ਜਮਾਤ ਕਿਸਾਨ ਦਾ ਵਿਰੋਧ ਕਰਦੀ ਤੇ ਆਪਣੀ ਦਿਹਾੜੀ ਵਧਾਉਣ ਵਾਲੀ ਗੱਲ 'ਤੇ ਟਿਕੇ ਰਹਿੰਦੇ

ਕਿੰਨੇ ਕੁ ਦਿਨ ਕਰ ਲੈਣਗੇ! ਡੋਹਰੇ ਫ਼ਸਲਾਂ ਨਈ੍ਹ ਦਿਸਦੀਆਂ। ਆਪੇ ਆ ਜਾਣਾ ਟਿਕਾਣੇ ਇਨ੍ਹਾਂ ਨੇ, ਜ਼ਰਾ ਜਿਗਰਾ ਰੱਖੋ![26]

ਜੱਟਾਂ ਜਾਂ ਕਿਸਾਨਾਂ ਕੰਮੀਂ ਜਮਾਤ ਤੋਂ ਵਗਾਰਾਂ ਬੁੱਤੀਆਂ ਹੀ ਨਹੀਂ ਕਰਵਾਉਂਦੇ ਬਲਕਿ ਉਨ੍ਹਾਂ ਦੀਆਂ ਤਿਰਛੀਆਂ ਅੱਖਾਂ ਵੀ ਕੰਮੀਂ ਜਮਾਤ ਦੀਆਂ ਧੀਆਂ ਭੈਣਾਂ ਨੂੰ ਟੋਲਦੀਆਂ ਰਹਿੰਦੀਆਂ। ਛਾਂਗਿਆਂ ਰੁੱਖ ਸਵੈ-ਜੀਵਨੀ ਇਸ ਗਲ ਦੀ ਗਵਾਹੀ ਭਰਦੀ ਹੈ ਕਿ ਕਿਸਾਨ ਜਾਂ ਜੱਟਾਂ ਦੇ ਮੁੱਛ ਫੁੱਟ ਗੱਭਰੂ ਜਦੋਂ ਆਪਣਾ ਗੱਡਾ ਕੰਮੀਂ ਜਮਾਤ ਦੇ ਘਰਾਂ ਦੇ ਅੱਗੇ ਦੀ ਲੰਘਦੇ ਹਨ ਤਾਂ ਖੜ੍ਹੇ ਹੋ ਕੇ ਕੰਮੀਂ ਜਮਾਤ ਦੇ ਘਰਾਂ ਅੰਦਰ ਨਿਗ੍ਹਾ ਘੁਮਾ ਕੇ ਉਨ੍ਹਾਂ ਦੀਆਂ ਧੀਆਂ ਭੈਣਾਂ ਨੂੰ ਤਾੜਦੇ ਹੋਏ ਉੱਚੀ ਉੱਚੀ ਗਾ ਕੇ ਲੰਘਦੇ। ਕੰਮੀਂ ਜਮਾਤ ਆਪਣੇ ਧੀਆਂ ਭੈਣਾਂ ਦੀਆਂ ਇੱਜ਼ਤਾਂ ਬਚਾਉਣ ਜਾਂ ਜੱਟਾਂ ਦੇ ਮੁੰਡਿਆਂ ਦਾ ਇਹੋ ਜਿਹੇ ਵਰਤਾਰੇ 'ਤੇ ਵਿਰੋਧ ਕਰਦੇ।

ਜਦੋਂ ਕਦੀ ਜੱਟਾਂ ਦਾ ਮੁੱਛ ਫੁੱਟ ਗੱਭਰੂ ਆਪਣਾ ਗੱਡਾ ਸਾਡੇ ਘਰਾਂ ਮੋਹਰਿਓਂ ਲਿਜਾਂਦਾ ਤੇ ਗੱਡੇ "ਤੇ ਖੜ੍ਹਾ ਹੋ ਕੇ ਬਲਦਾਂ ਦੀਆਂ ਨੱਥਾਂ ਨੂੰ ਪਾਈ ਰੱਸੀਆਂ ਨੂੰ ਫੜ੍ਹ ਕੇ ਪੁਚਕਾਰਦਾ ਤੇ ਗਾਉਂਦਾ। ਸਾਡੇ ਘਰਾਂ ਦੇ ਓਟਿਆਂ ਵਰਗੇ ਵਗਲਿਆ ਉੱਤੋ ਦੀ ਸਾਡੀਆਂ ਮਲੂਕ ਜਿਹੀਆਂ ਧੀਆਂ ਭੈਣਾਂ ਨੂੰ ਤਾੜਦੇ। ਸਾਡੇ ਬੰਦਿਆਂ ਚੋਂ ਕੋਈ ਜਣਾ ਬਾਹਬਰ ਕੇ ਬੋਲਦਾ, ਮਾਮਾ ਗੱਡਾ ਫਿਰਨੀ ਤੋਂ ਨਈ੍ਹ ਜਾਂਦਾ ਜਾਂ ਕਹਿੰਦਾ ਤੈਥੋਂ ਗੱਡੇ 'ਤੇ ਬੈਠ ਕੇ ਨਈ੍ਹ ਜਾ ਹੁੰਦਾ। ਕੋਈ ਹੋਰ ਜਣਾ ਮੂੰਹ 'ਚ ਬੁੜਬੁੜ ਕਰਦਾ, ਬਣਿਆ ਫਿਰਦਾ ਸਾਲ਼ਾ ਰਾਣੀ ਖਾਂ ਦਾ।[27]

ਕਿਸਾਨ ਵਰਗ ਕੰਮੀਂ ਜਮਾਤ ਨੂੰ ਆਪਣਾ ਗ਼ੁਲਾਮ ਜਾਂ ਨੌਕਰ ਹੀ ਸਮਝਦਾ। ਉਨ੍ਹਾਂ ਦਾ ਆਪਣਾ ਕੰਮ ਕਰਾਉਣ ਵਾਲਾ ਸੁਆਰਥ ਕੰਮੀਂ ਕਮੀਣਾਂ ਨੂੰ ਅੱਗੇ ਵਧਣ ਹੀ ਨਹੀਂ ਦਿੰਦਾ। ਮਾਧੋਪੁਰੀ ਆਪਣੀ ਸਵੈ-ਜੀਵਨੀ ਵਿਚ ਕਿਸਾਨ ਦੀ ਇਹ ਜਿਹੀ ਮਾਨਸਿਕਤਾ ਦੀ ਝਲਕ ਪੇਸ਼ ਕਰਦਾ ਹੈ- ਮੈਂ ਕਿਹਾ ਸਰਦਾਰਨੀਏ ਧੁਆਨੂੰ ਮੌਜਾਂ ਲੱਗ ਜਾਣਗੀਆਂ - ਕੋਈ ਜ਼ਮੀਨ ਸਾਡੇ ਨਾਂ ਬੀ ਲੱਗ ਜਾਊ? ਨਾਲੇ ਸਾਨੂੰ ਕਾਹਨੂੰ ਗਲੀਂ -ਗਲੀ ਮਜਬੂਰ ਕਰਦੀ ਆ ਪਈ ਖ਼ਾਲਿਸਤਾਨ

ਬਣੇ ਤਾਂ ਅਸੀਂ ਧੁਆਡੇ ਨਾਲ ਰਹੀਏ... ਸਾਡੇ ਲੀ ਤਾਂ ਹਿੰਦੂ ਸਿੱਖ ਇੱਕ ਜਿਹੇ ਈ ਆ ਬਹੁਤਾ ਪਿਆਰ ਏ ਸਰਦਾਰਨੀਏ...।

ਫਿਰ? ਅਸੀਂ ਕਾਹਲੀ ਨਾਲ ਪੁੱਛਿਆ।

ਫਿਰ ਕੀ? ਕਹਿੰਦੀ ਭੈਣੇ, ਪਿਆਰ ਕਰ ਕੇ ਕਹਿੰਨੀ ਪਈ ਆ, ਖ਼ਾਲਿਸਤਾਨ 'ਚ ਸਾਡਾ ਗੋਹਾ-ਕੂੜਾ ਕੋਣ ਚੁੱਕੂ![28]

## 4.3 ਨੌਕਰਸ਼ਾਹੀ ਤੇ ਨਿਮਨ ਜਮਾਤ ਦਾ ਸੰਘਰਸ਼

ਨੌਕਰਸ਼ਾਹੀ ਤੇ ਨਿਮਨ ਵਰਗ ਦਾ ਆਪਸੀ ਸੰਘਰਸ਼ ਚਲਦਾ ਰਹਿੰਦਾ ਹੈ। ਨੌਕਰਸ਼ਾਹੀ ਜਾਂ ਅਫ਼ਸਰਸ਼ਾਹੀ ਆਪਣੇ ਤੋਂ ਨੀਵੇਂ ਵਰਗ ਨਾਲ ਬਦਸਲੂਕੀ ਭਰਿਆਂ ਵਿਵਹਾਰ ਕਰਦੇ। ਨਿਮਨ ਵਰਗ ਹੋਰਨਾਂ ਵਰਗਾਂ ਦੇ ਨਾਲ-ਨਾਲ ਨੌਕਰਸ਼ਾਹੀ ਦੇ ਵੀ ਧੱਕੇ ਚੜ੍ਹਦੇ ਹਨ। ਨੌਕਰੀ ਦਾ ਰੋਹਬ ਨਿਮਨ ਵਰਗ 'ਤੇ ਪਾਉਂਦੇ ਤੇ ਉਨ੍ਹਾਂ ਤੋਂ ਵਗਾਰਾਂ ਬੁੱਤੀਆਂ ਕਰਾਉਂਦੇ। ਜੇ ਕੋਈ ਨਿਮਨ ਵਰਗ ਦਾ ਵਿਅਕਤੀ ਦੁਕਾਨਦਾਰੀ ਕਰਦਾ ਹੈ ਤਾਂ ਉਸ ਤੋਂ ਆਪਣੀ ਨੌਕਰੀ ਦੇ ਰੋਹਬ ਨਾਲ ਸਮਾਨ ਲੈ ਲੈਂਦੇ ਤੇ ਉਸ ਦਾ ਮੁੱਲ ਨਹੀਂ ਦਿੰਦੇ।ਇਹੋ ਜਿਹੀ ਘਟਨਾ ਛਾਂਗਿਆਂ ਰੁੱਖ ਸਵੈ-ਜੀਵਨੀ ਵਿਚ ਮਿਲਦੀ ਹੈ ਜਿਸ ਵਿਚ ਇੱਕ ਠਾਣੇਦਾਰ ਮਾਧੋਪੁਰੀ ਦੇ ਭਾਈਏ ਤੇ ਪਿੰਡ ਦੇ ਇੱਕ ਹੋਰ ਆਦਮੀ ਧੰਨੇ ਤੋਂ ਥਾਨ ਲੈ ਕੇ ਉਸ ਨੂੰ ਪੈਸੇ ਨਹੀਂ ਦਿੰਦਾ।

ਪੁਲਿਸ ਮੁਲਾਜ਼ਮ ਦੀ ਧੱਕੇਸ਼ਾਹੀ ਤੋਂ ਤਾਂ ਹਰ ਕੋਈ ਵਾਕਫ਼ ਹੈ। ਛਾਂਗਿਆਂ ਰੁੱਖ ਸਵੈ-ਜੀਵਨੀ ਇਸ ਗੱਲ ਦੀ ਹਾਮੀ ਭਰਦੀ ਹੈ। ਠਾਣੇਦਾਰ ਆਪਣੀ ਨੌਕਰੀ ਜਾਂ ਪਦਵੀ ਦੇ ਰੋਹਬ ਨਾਲ ਨਿਮਨ ਜਮਾਤ ਨਾਲ ਧੱਕੇ ਸ਼ਾਹੀ ਕਰਦੇ ਹਨ। ਥਾਣੇਦਾਰ ਦਰੋਗਾ ਵੀ ਮਾਧੋਪੁਰੀ ਦੇ ਭਾਈਏ ਤੇ ਧੰਨੇ ਨਾਲ ਇਹੋ ਜਿਹੀ ਧੱਕੇਸ਼ਾਹੀ ਕਰਦਾ ਹੈ। ਦਰੋਗਾ ਮਾਧੋਪੁਰੀ ਦੇ ਭਾਈਏ ਤੇ ਧੰਨੇ ਨੂੰ ਥਾਣੇ, ਥਾਨ ਲੈ ਕੇ ਆਉਣ ਲਈ ਕਹਿੰਦਾ ਤੇ ਉਸ ਵਿਚੋਂ ਆਪਣੀ ਪਸੰਦ ਦੇ ਥਾਨ ਚੁੱਕ ਲੈਂਦਾ ਤੇ ਬਿਨਾਂ ਉਸ ਥਾਨ ਦੀ ਕੀਮਤ ਦਿੱਤਿਆਂ ਦਰੋਗਾ ਭਾਈਏ ਤੇ ਧੰਨੇ ਨੂੰ ਥਾਣਿਓਂ ਭਜਾ ਦਿੰਦਾ।

'ਇੱਕ ਵਾਰੀ ਪਤਾ ਕੀ ਹੋਇਆ? ਭੋਗਪੁਰ ਦੀ ਚੌਕੀ ਦਾ ਦਰੋਗਾ ਅਈਥੇ ਖੱਡੀਆਂ 'ਚ ਆ ਗਿਆ। ਧਰਮ ਨਾਲ ਬੜਾ ਜੁਆਨ ਸੀ ਸਾਲ਼ਾ ਉਹ ਲਾਲਾ। ਮਈਨੂੰ ਤੇ ਧੰਨੇ ਨੂੰ ਕਹਿਣ ਲੱਗਾ ਪਈ ਭਲਕੇ ਥਾਨ ਲੈ ਕੇ ਠਾਣੇ ਆਇਓ। ਬੰਨ੍ਹੇਗਿਰੀ ਨੂੰ ਅਸੀਂ ਸਾਰੇ ਥਾਨ ਲੈ ਗਏ।ਉਹ ਨੇ ਇੱਕ ਥਾਨ ਸਾਡੇ ਦੋਹਾਂ ਕੋਲੋਂ ਛਾਂਟ ਕੇ ਰੱਖ ਲਿਆ। ਅਸੀਂ ਖੜੇ ਰਹੇ ਪਈ ਕੁਛ ਦਊਗਾ। ਸਗੋਂ ਉਲਟਾ ਦਬਕਾ ਮਾਰ ਕੇ ਭੈਣ ਦਾ ਖ਼ਸਮ ਕਹਿਣ ਲੱਗਾ, ਦੋੜ ਜਾਓ, ਮੂੰਹ ਅੱਲ ਕੀ ਦੇਖਦੇ ਆ।[29]

ਨੌਕਰਸ਼ਾਹੀ ਦੀਆਂ ਇਹੋ ਜਿਹੀਆਂ ਧੱਕੇਸ਼ਾਹੀਆਂ ਭਾਰਤੀ ਸਮਾਜ ਵਿਚ ਕਿਤੇ ਨਾ ਕਿਤੇ ਆਮ ਦੇਖੀਆਂ ਜਾ ਸਕਦੀਆਂ।ਨਿਮਨ ਵਰਗ ਨਾਲ ਧੱਕੇਸ਼ਾਹੀ ਤੇ ਵਿਤਕਰਾ ਉੱਚੇ ਵਰਗ ਦੇ ਲੋਕ ਕਰਦੇ ਰਹਿੰਦੇ ਹਨ। ਕਿਸਾਨਾਂ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਕੰਮੀਂ ਕਮੀਣ ਅਕਸਰ ਕਿਸਾਨਾਂ ਵੱਲੋਂ ਕੀਤੇ ਵਿਤਕਰਿਆਂ ਦਾ ਸ਼ਿਕਾਰ ਬਣਦੇ। ਕਿਸਾਨ ਆਪਣੇ ਖੇਤਾਂ ਵਿਚ ਕੰਮੀਂ ਕਮੀਣਾਂ ਤੋਂ ਕੰਮ ਕਰਾਉਂਦਾ ਪਰ ਨਾਲ ਹੀ ਉਨ੍ਹਾਂ ਨਾਲ ਅਪਮਾਨ ਭਰਿਆ ਵਰਤਾਰਾ ਕਰਦਾ। ਕਿਸਾਨ ਭਿੱਟ ਦੇ ਡਰ ਤੋਂ ਆਪਣੇ ਭਾਂਡੇ ਨਿਮਨ ਵਰਗ ਜਾਂ ਕੰਮੀਂ ਕਮੀਣਾਂ ਨੂੰ ਖਾਣ ਪੀਣ ਲਈ ਨਹੀਂ ਦਿੰਦੇ।ਤੇ ਨਾ ਹੀ ਕਦੀ ਸਿੱਧੇ ਮੂੰਹ ਨਾਲ ਕੰਮੀਂ ਜਮਾਤ ਨਾਲ ਕੋਈ ਗੱਲ ਕੀਤੀ। ਦੁਰਕਾਰ ਫਿਟਕਾਰ ਤੇ ਗਾਲ਼ੀ ਗਲੋਚ ਕਰਦਿਆਂ ਆਪਣੇ ਖੇਤਾਂ ਦਾ ਕੰਮ ਕਰਾਉਂਦੇ। ਸਵੈ-ਜੀਵਨੀ ਵਿਚ ਅਜਿਹੀ ਘਟਨਾ ਸਨਮੁੱਖ ਹੋਈ ਹੈ।

“ਏਨੇ ਨੂੰ ਮੇਰੇ ਤਾਏ ਦੇ ਪੁੱਤ ਵੀ ਆ ਜਾਂਦੇ। ਉਨ੍ਹਾਂ ਦੇ ਹੱਥਾਂ 'ਚ ਜਾਂ ਕਈ ਵਾਰ ਜੇਬ ਵਿਚ ਜਾਂ ਪਰਨੇ ਦੇ ਲੜ ਬਾਟੀ-ਗਲਾਸ ਬੰਨ੍ਹਿਆ ਹੁੰਦਾ ਤੇ ਦਿਹਾੜੀ-ਡੋਗਰੇ (ਅੱਧੀ ਦਿਹਾੜੀ) ਲਈ ਘਰੋਂ ਨਿਕਲ ਜਾਂਦੇ। ਮੇਰੀਆਂ ਅੱਖਾਂ ਉਨ੍ਹਾਂ ਦੀਆਂ ਪਿੱਠਾਂ ਦਾ ਪਿੱਛਾ ਕਰਦੀਆਂ। ਉਹ ਪਿਛਾਂਹ ਨੂੰ ਝਾਕ ਕੇ ਕਹਿੰਦੇ, 'ਜਿਨ੍ਹਾਂ ਦੇ ਜਾਣਾ ਉਨ੍ਹਾਂ ਦੇ ਘਰੀਂ ਸਾਡੇ ਲਈ ਭਾਂਡਿਆਂ ਦੀ ਟੋਟ ਈ ਹੁੰਦੀ ਹੈ।[30]

ਕੰਮੀਂ ਜਮਾਤ ਨੂੰ ਜੱਟਾਂ ਦੇ ਖੇਤਾਂ ਵਿਚ ਕੰਮ ਕਰਨ ਦੇ ਬਦਲੇ ਮੁਰਦੇ ਪਸ਼ੂ ਚੁੱਕਣ ਨੂੰ ਮਿਲਦੇ ਉਹ ਵੀ ਅਹਿਸਾਨ ਵਜੋਂ ਕਿ ਕੰਮੀਂ ਕਮੀਣ ਉਨ੍ਹਾਂ ਦੇ ਖੇਤਾਂ ਵਿਚ ਕੰਮ ਕਰਦੇ ਹਨ। ਪੁਰਾਣੇ ਸਮਿਆਂ ਵਿਚ ਕਿਸਾਨ ਕੰਮੀਆਂ ਨਾਲ ਇਹੋ ਜਿਹਾ ਵਰਤਾਰਾ ਕਰਦਾ ਸੀ ਪਰ ਅਜੋਕੇ ਸਮੇਂ ਵਿਚ ਇਹ ਧਾਰਨਾ ਕੁੱਝ ਹੱਦ ਤੱਕ ਬਦਲ ਗਈ ਹੈ। ਖੇਤਾਂ ਵਿਚ ਕੰਮ ਕਰਨ ਵਾਲੇ ਕੰਮੀ ਕਮੀਣ ਮੁਰਦਾ ਪਸ਼ੂ ਤਾਂ ਚੁੱਕਦੇ ਹਨ ਪਰ ਇਸ ਤੋਂ ਬਿਨਾਂ ਖੇਤਾਂ ਵਿਚ ਮਿਹਨਤ ਕਰਨ ਦੇ ਬਦਲੇ ਦਿਹਾੜੀ ਵੀ ਦਿੱਤੀ ਜਾਂਦੀ ਹੈ।

ਮਨੁੱਖੀ ਅਧਿਕਾਰਾਂ ਤੋਂ ਵੰਚਿਤ ਇਨ੍ਹਾਂ ਲੋਕਾਂ ਨੂੰ ਇਵਜ਼ ਵਿਚ ਮੁਰਦਾ ਪਸ਼ੂ ਚੁੱਕਣ ਨੂੰ ਦਿੱਤੇ ਜਾਂਦੇ - ਉਹ ਵੀ ਅਹਿਸਾਨ ਵਜੋਂ ਕਿ ਉਹ ਉਨ੍ਹਾਂ ਦੇ ਕੰਮੀਂ ਜਾਂ ਕਮੀਣ ਹਨ।[31]

ਛਾਂਗਿਆਂ ਰੁੱਖ ਸਵੈ-ਜੀਵਨੀ ਨਿਮਨ ਵਰਗ ਦੀ ਬੇਬਸੀ, ਤੇ ਧੱਕੇਸ਼ਾਹੀ ਨੂੰ ਪੇਸ਼ ਕਰਦੀ ਹੈ। ਮਾਧੋਪੁਰੀ ਦਾ ਭਾਈਆਂ ਜੱਟਾਂ ਦੇ ਦਿਹਾੜੀ ਕਰਨ ਜਾਂਦਾ ਤੇ ਉਸ ਦਿਹਾੜੀ ਦੀ ਇਵਜ਼ ਵਜੋਂ ਮਾਧੋਪੁਰੀ ਦੀ ਮਾਂ ਜੱਟੀਆਂ ਤੋਂ ਗੁੜ, ਸੱਕਰ, ਗੰਢੇ-ਲਸਣ, ਆਲੂ ਆਦਿ ਵਸਤਾਂ ਲੈ ਕੇ ਆਉਂਦੀ। ਨਿਮਨ ਜਮਾਤ ਦੀ ਬੇਬਸੀ ਤੇ ਉਨ੍ਹਾਂ 'ਤੇ ਹੋਣ ਵਾਲਾ ਧੱਕਾ ਉਦੋਂ ਮਹਿਸੂਸ ਹੁੰਦਾ ਜਦੋਂ ਮਾਧੋਪੁਰੀ ਦਾ ਭਾਈਆ ਕਹਿੰਦਾ ਕਿ ਜੱਟ ਆਪਣੀਆਂ ਜਿਣਸਾਂ ਦੇ ਭਾਅ ਮਰਜ਼ੀ ਨਾਲ ਵਧਾ ਲੈਂਦੇ ਪਰ ਸਾਡੀ ਦਿਹਾੜੀ ਨਹੀਂ ਵਧਾਉਂਦੇ।

ਬਹੁਤੀ ਵਾਰੀ ਭਾਈਏ ਦੀ ਦਿਹਾੜੀ ਇਵਜ਼ ਵਿਚ ਮੇਰੀ ਮਾਂ ਜੱਟੀਆਂ ਤੋਂ ਗੁੜ, ਸੱਕਰ, ਗੰਢੇ-ਲਸਣ, ਆਲੂ, ਕਣਕ, ਮੱਕੀ, ਮਾਂਹ, ਮੋਠ, ਮਸਰ ਜਾਂ ਕੋਈ ਹੋਰ ਸ਼ੈਅ ਲੈ ਆਉਂਦੀ। ਪਰ ਇਹ ਸਭ ਦੇਖ ਭਾਈਆ ਨਹੋਰੇ ਨਾਲ ਕਹਿੰਦਾ, 'ਆਪਣੀਆਂ ਜਿਣਸਾਂ ਦੇ ਭਾਅ ਮਰਜ਼ੀ ਨਾਲ ਬਧਾ ਲਈਂਦੇ ਆ। ਸਾਡੀ ਦਿਹਾੜੀ ਨਈਂ ਵਧਾਉਂਦੇ। ਪਸ਼ੂਆਂ ਆਂਗੂੰ ਸਾਰਾ ਦਿਨ ਬਗੀਦਾ ਆ।'[32]

ਕਿਸਾਨਾਂ ਦੇ ਖੇਤਾਂ ਵਿਚ ਜਿੱਥੇ ਪੰਜਾਬ ਦੇ ਨਿਮਨ ਜਮਾਤ ਜਾਂ ਕੰਮੀਂ ਕਮੀਣ ਕੰਮ ਕਰਦੇ ਉੱਥੇ ਯੂ.ਪੀ, ਬਿਹਾਰ ਤੋਂ ਆਏ ਭੱਈਏ ਵੀ ਕਿਸਾਨ ਦੇ ਖੇਤਾਂ ਵਿਚ ਕੰਮ ਕਰਦੇ। ਕਿਸਾਨਾਂ ਦਾ ਉਨ੍ਹਾਂ ਭੱਈਆ ਪ੍ਰਤੀ ਰਵੱਈਆ ਦੁਰਕਾਰ ਤੇ ਤ੍ਰਿਸਕਾਰ ਭਰਿਆ ਹੁੰਦਾ। ਭੱਈਏ ਕਿਸਾਨਾਂ ਦੇ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੁੰਦੇ ਪਰ ਜਦੋਂ ਕਿਸੇ ਭੱਈਏ ਦੇ ਸੱਟ-ਚੋਟ ਲੱਗ ਜਾਂਦੀ ਤਾਂ ਕਿਸਾਨਾਂ ਨੂੰ ਉਨ੍ਹਾਂ ਪ੍ਰਤੀ ਕੋਈ ਹਮਦਰਦੀ ਨਹੀਂ ਹੁੰਦੀ। ਛਾਂਗਿਆਂ ਰੁੱਖ ਸਵੈ-ਜੀਵਨੀ ਵਿਚ ਵੀ ਅਜਿਹੀ ਘਟਨਾ ਸਾਹਮਣੇ ਆਉਂਦੀ ਹੈ ਜਿਸ ਵਿਚ ਭੱਈਏ ਦੇ ਚਾਰਾ ਕੁਤਰਦੇ ਸਮੇਂ ਹੱਥ ਕੱਟੇ ਗਏ। ਕਿਸਾਨ ਜਾਂ ਸਰਦਾਰ ਨੇ ਭੱਈਏ ਨੂੰ ਛੇ ਮਹੀਨੇ ਦੀ ਮਿਹਨਤ ਤੇ ਹੱਥਾਂ ਦਾ ਚਾਰ ਹਜ਼ਾਰ ਦੇਣ ਦਾ ਵਾਅਦਾ ਕੀਤਾ ਪਰ ਉਹ ਆਪਣੀ ਇਸ ਗੱਲ ਤੋਂ ਮੁੱਕਰ ਗਿਆ।

ਜ਼ਰਾ ਕ ਰੁਕ ਕੇ ਉਸ ਨੇ ਫਿਰ ਦੱਸਿਆ, 'ਪਿਛਲੇ ਦਿਨੋਂ ਮੈਂ ਮਸ਼ੀਨ ਪਰ ਚਾਰਾ ਕੁਤਰ ਤੇ ਵਕਤ ਮੇਰੇ ਹਾਥ ਕਟ ਗਏ ਹੈਂ। ਮੈਂ ਆਦਮੀ ਕੱਠਾ ਕੀਆ। ਸਰਦਾਰ ਨੇ ਮੇਰੇ ਕੋ ਪਿਛਲੇ ਛੇ ਮਹੀਨੇ ਕੀ ਮੇਰੀ ਮਿਹਨਤ ਔਰ ਹਾਥੋਂ ਦਾ ਚਾਰ ਹਜ਼ਾਰ ਦੇਨਾ ਮਾਨਾ, ਲੇਕਿਨ ਮੁਕਰ ਗਿਆ।[33]

ਇਸ ਘਟਨਾ ਵਿਚ ਕੰਮੀਂ ਜਮਾਤ ਉੱਪਰ ਹੋ ਰਹੀ ਕਿਸਾਨਾਂ ਦੀ ਧੱਕੇਸ਼ਾਹੀ ਸਾਫ਼ ਦੇਖੀ ਜਾ ਸਕਦੀ ਹੈ।

## 4.4 ਨਿਮਨ ਜਮਾਤ ਦਾ ਆਪਸੀ ਅੰਦਰੂਨੀ ਸੰਘਰਸ਼

ਨਿਮਨ ਜਮਾਤ ਦਾ ਆਪਣੇ ਤੋਂ ਉੱਚੀਆਂ ਜਾਤਾਂ ਤੇ ਜਮਾਤਾਂ ਨਾਲ ਸੰਘਰਸ਼ ਮੁੱਢ ਤੋਂ ਹੀ ਚਲਦਾ ਆ ਰਿਹਾ ਹੈ ਪਰ ਇਸ ਦੇ ਨਾਲ ਦੀ ਨਾਲ ਨਿਮਨ ਵਰਗ ਦਾ ਆਪਸੀ ਅੰਦਰੂਨੀ ਸੰਘਰਸ਼ ਵੀ ਦੇਖਣ ਨੂੰ ਮਿਲਦਾ ਹੈ ਜੋ ਕਿ ਨਿਮਨ ਵਰਗ ਲਈ ਬਹੁਤ ਘਾਤਕ ਹੈ। ਨੌਕਰੀ ਪੇਸ਼ਾ ਕਰਨ ਵਾਲੇ ਨਿਮਨ ਵਰਗ ਦੇ ਲੋਕ ਆਪਣੇ ਵਰਗ ਦੇ ਲੋਕਾਂ ਨਾਲ ਹੀ ਈਰਖਾ ਸਾੜਾ ਕਰੀ ਜਾਂਦੇ ਹਰ ਕੋਈ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਵਿਚ ਦੌੜਦਾ। ਬਲਬੀਰ ਮਾਧੋਪੁਰੀ ਛਾਂਗਿਆਂ ਰੁੱਖ ਸਵੈ-ਜੀਵਨੀ ਵਿਚ ਇਹ ਜਿਹੀਆਂ ਘਟਨਾਵਾਂ ਦੀ ਪੇਸ਼ਕਾਰੀ ਕਰਦਾ ਹੈ ਜਿੱਥੇ ਉਸ ਨੂੰ ਆਪਣਿਆਂ ਵੱਲੋਂ ਹੀ ਈਰਖਾ ਤੇ ਸਾੜੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਬਲਬੀਰ ਮਾਧੋਪੁਰੀ ਦਾ ਭਰਾ ਬਿਰਜੂ ਆਰਥਿਕ ਮੰਦਹਾਲੀ ਤੇ ਮਹਿੰਗਾਈ ਤੋਂ ਤੰਗ ਆ ਕੇ ਮਾਧੋਪੁਰੀ ਨੂੰ ਕਿਰਾਏ 'ਤੇ ਰਹਿਣ ਲਈ ਆਖਦਾ।

ਇੱਕ ਦਿਨ ਵੱਡੇ ਭਰਾ ਨੇ ਤਲਖ਼ੀ ਨਾਲ ਆਖਿਆ, ਤੂੰ ਹਰੇਕ ਮਹੀਨੇ ਕਹਿੰਦਾ ਪਈ ਮਕਾਨ ਕਰਾਏ 'ਤੇ ਦੇਖ ਲਊਂਗਾ - ਜਾਂਦਾ ਤਾਂ ਹੈ ਨੀ - ਅੱਠ ਸੌ ਦਿੰਨਾ- ਉਹਦੇ ਨਾਲ ਰੋਟੀ ਚਲਦੀ ਆ? ਉਤੋਂ ਤੇਰੇ ਯਾਰ-ਦੋਸਤ ਡਾਰਾਂ ਬੰਨ ਕੇ ਤੁਰੇ ਰਹਿੰਦੇ ਆ। ਜਦੋਂ ਜੁਦਾ-ਬਾਹਰੇ ਹੋਇਆ ਦੇ ਸਿਰ ਪਈ ਤਾਂ ਫੇ ਪਤਾ ਲੱਗੂ ਕਿ ਦਾਲਾਂ-ਆਟੇ ਦੇ ਕੀ ਭਾਅ ਆ, ਨਾਲੇ ਘਰ ਕਿੱਦਾਂ ਚਲਦੇ ਆ।'[34]

ਮਾਧੋਪੁਰੀ ਦੀ ਭਾਬੀ ਵੀ ਮਾਧੋਪੁਰੀ ਨੂੰ ਕਿਰਾਏ ਤੇ ਰਹਿਣ ਲਈ ਆਖਦੀ।

'ਤੁਸੀਂ ਇੱਥੋਂ ਜਾਓ, ਜ਼ਿੰਦਗੀ ਦੇ ਚਾਰ ਦਿਨ ਅਸੀਂ ਬੀ ਸਉਖੇ ਕੱਟ ਲਈਏ!' ਭਾਬੀ ਨੇ ਸੌ ਦੀ ਇੱਕ ਸੁਣਾਈ।[35]

ਮਾਧੋਪੁਰੀ ਨੂੰ ਆਪਣੇ ਭਰਾ ਵੱਲੋਂ ਇਸ ਵਿਵਹਾਰ ਦਾ ਗੁੱਸਾ ਲੱਗਾ ਬੇਸ਼ੱਕ ਉਸ ਦੇ ਭਰਾ ਨੇ ਆਰਥਿਕ ਮੰਦਹਾਲੀ ਤੇ ਮਹਿੰਗਾਈ ਤੋਂ ਅੱਕ ਕੇ ਕਿਹਾ ਸੀ। ਮਾਧੋਪੁਰੀ ਕਿਰਾਏ ਦੀ ਲਾਅਨਤ ਕਾਰਨ ਤੇ ਆਪਣੀ ਕੁੜੀ ਦਾ ਸਕੂਲ ਬਦਲਣ ਕਾਰਨ ਹੋਰ ਆਰਥਿਕ ਮੰਦਹਾਲੀ ਦਾ ਸ਼ਿਕਾਰ ਬਣ ਗਿਆ।ਜਦੋਂ ਕਦੀ ਔਖ ਵਿਚ ਆਉਂਦਾ ਤਾਂ ਉਹ ਆਪਣੇ ਭਰਾ ਬਾਰੇ ਸੋਚਦਾ ਕਿ ਜੇ ਸਕੂਲ ਦਾ ਸੈਸ਼ਨ ਲੰਘਾ ਦਿੰਦਾ ਤਾਂ ਕੀ ਹੋ ਜਾਣਾ ਸੀ।

ਸੋਚਾਂ ਆਉਂਦੀਆਂ ਜੇ ਵੱਡਾ ਭਰਾ ਸਕੂਲ ਦਾ ਸੈਸ਼ਨ ਪੂਰਾ ਕਰਵਾ ਦਿੰਦਾ ਤਾਂ ਕੀ ਲੋਹੜਾ ਆ ਜਾਣਾ ਸੀ ![36]

ਮਾਧੋਪੁਰੀ ਦੀ ਸਵੈ-ਜੀਵਨੀ ਛਾਂਗਿਆਂ ਵਿਚ ਨਿਮਨ ਵਰਗ ਦੇ ਆਪਸੀ ਸੰਘਰਸ਼ ਬਾਰੇ ਚਾਨਣਾ ਪਾਉਣ ਵਾਲੀਆਂ ਅਨੇਕਾਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਬਾਲ ਅਵਸਥਾ ਵਿਚ ਮਾਧੋਪੁਰੀ ਦੇ ਭਾਈਏ ਨੇ ਜਦੋਂ ਬਲਬੀਰ ਮਾਧੋਪੁਰੀ ਨੂੰ ਜੱਟਾਂ ਦੇ ਖੇਤ ਵਿਚ ਮੂਤਣ ਕਾਰਨ ਡਾਂਟਿਆ ਸੀ। ਇਸ ਘਟਨਾ ਦੀ ਭਿਣਕ ਜਲਦੀ ਹੀ ਮਾਧੋਪੁਰੀ ਦੀ ਦਾਦੀ ਨੂੰ ਲੱਗ ਗਈ। ਉਸ ਨੇ ਕਿਹਾ ਕਿ ਆਪਣੇ ਹੀ ਆਪਣਿਆਂ ਦੇ ਖ਼ਿਲਾਫ਼ ਹੋਏ ਹਨ।ਜਿਵੇਂ ਦਾਦੀ ਨੂੰ ਪਲ ਵਿਚ ਹੀ ਸਾਰੀ ਘਟਨਾ ਦਾ ਪਤਾ ਲੱਗ ਗਿਆ ਤੇ ਆਖਣ ਲੱਗੀ, 'ਸਾਰੀ ਚਮ੍ਹਾਰਲੀ ਪਲ-ਪਲ ਦਾ ਹੱਗਿਆ-ਮੂਤਿਆ ਜਾ ਕੇ ਜੱਟਾਂ ਨੂੰ ਦੱਸਦੀ ਆ - ਆਪਣੇ ਹੀ ਆਪਣਿਆਂ ਦੇ ਖ਼ਿਲਾਫ਼ ਲੂਤੀਆਂ ਲਾਉਂਦੇ ਆ। ਜੇ ਉਨ੍ਹਾਂ ਨੂੰ ਇਹ ਗਲ ਖੁੜਕ ਗਈ ਤਾਂ ਸਮਝੋ ਖੜਕ ਪਈ ...।'[37]

ਨਿਮਨ ਵਰਗ ਦਾ ਕੋਈ ਵਿਅਕਤੀ ਜਦੋਂ ਨੌਕਰੀ ਪੇਸ਼ਾ ਕਰਨ ਲੱਗ ਜਾਂਦਾ ਤੱਥਾਂ ਉਹ ਵੀ ਆਪਣੇ ਆਪ ਨੂੰ ਨਿਮਨ ਵਰਗ ਤੋਂ ਉੱਚਾ ਸਮਝਣ ਲੱਗ ਪੈਂਦਾ।ਨਿਮਨ ਵਰਗ ਦੇ ਲੋਕਾਂ ਪ੍ਰਤੀ ਉਨ੍ਹਾਂ ਦਾ ਰਵੱਈਆ ਬਦਲ ਜਾਂਦਾ। ਨੌਕਰੀ ਲੈਣ ਲਈ ਸਿਫ਼ਾਰਿਸ਼ ਕਰਨਾ ਗ਼ਲਤ ਗੱਲ ਹੈ ਪਰ ਫਿਰ ਵੀ ਸਾਡੇ ਸਮਾਜ ਵਿਚ ਸਿਫ਼ਾਰਿਸ਼ ਦੁਆਰਾ ਨੌਕਰੀਆਂ ਦਿੱਤੀਆਂ ਜਾਂਦੀਆਂ। ਜਿਸ ਨਾਲ ਨਿਮਨ ਵਰਗ ਦੇ ਲੋਕਾਂ ਦੀ ਮਾਨਸਿਕਤਾ ਵਿਚ ਇਹ ਗੱਲ ਬੈਠ ਗਈ ਕਿ ਸਿਫ਼ਾਰਿਸ਼ ਤੋਂ ਬਿਨਾਂ ਨੌਕਰੀ ਨਹੀਂ ਮਿਲ ਸਕਦੀ ਇਸ ਕਰ ਕੇ ਮਾਧੋਪੁਰੀ ਦਾ ਭਾਈਆਂ ਆਪਣੇ ਵੱਡੇ ਪੁੱਤਰ ਬਿਰਜੂ ਲਈ ਬਿਰਜੂ ਦੇ ਮਾਮੇ ਨੂੰ ਸਿਫ਼ਾਰਿਸ਼ ਕਰਨ ਲਈ ਕਹਿੰਦਾ। ਮਾਧੋਪੁਰੀ ਦਾ ਮਾਮਾ

ਸਿਫ਼ਾਰਿਸ਼ ਇਸ ਕਰ ਕੇ ਨਹੀਂ ਕਿ ਸਿਫ਼ਾਰਿਸ਼ ਕਰਨਾ ਗ਼ਲਤ ਹੈ ਬਲਕਿ ਉਹ ਇਸ ਮਨਾ ਕਰਦਾ ਕਿ ਸਿਫ਼ਾਰਿਸ਼ ਲੇਬਰ ਵਾਸਤੇ ਕਰਨੀ ਜਿਸ ਵਿਚ ਉਸ ਦੀ ਆਪਣੀ ਬੇਇੱਜ਼ਤੀ ਹੁੰਦੀ ਹੈ। ਮਾਧੋਪੁਰੀ ਦਾ ਮਾਮਾ ਕਹਿੰਦਾ ਕਿ ਅਗਰ ਪੜ੍ਹੇ ਲਿਖੇ ਲਈ ਸਿਫ਼ਾਰਿਸ਼ ਕਰਨੀ ਹੋਵੇ ਤਾਂ ਦੱਸਿਓ। ਇਸ ਗਲ ਤੋਂ ਇਹ ਸਾਫ਼ ਸਪਸ਼ਟ ਹੁੰਦਾ ਕਿ ਮਾਧੋਪੁਰੀ ਦਾ ਮਾਮਾ ਆਪਣੀ ਬੇਇੱਜ਼ਤੀ ਹੋਣ ਦੇ ਡਰ ਕਾਰਨ ਬੀਰਜੂ ਨੂੰ ਰੋਜ਼ੀ ਰੋਟੀ ਵਿਚ ਪਾਉਣ ਤੋਂ ਕੰਨੀ ਕਤਰਾਉਂਦਾ ਹੈ।

'ਠਾਕਰ ਦਾਸ ਤੁਹਾਡੀ ਗੱਲ ਆਪਣੀ ਥਾਂ ਠੀਕ ਹੈ ਪਰ ਲੇਬਰ ਵਾਸਤੇ ਮੈਂ ਕਿਸੇ ਨੂੰ ਨਹੀਂ ਕਹਿਣਾ...ਠੀਕ ਹੈ! ਕਿਸੇ ਪੜ੍ਹੇ ਲਿਖੇ ਲਈ ਸਿਫ਼ਾਰਿਸ਼ ਕਰਨੀ ਹੋਵੇ ਤਾਂ ਹੋਰ ਗੱਲ ਹੈ।'[38]

ਨਿਮਨ ਵਰਗ ਦੇ ਨੌਕਰੀ ਪੇਸ਼ਾ ਵਾਲੇ ਰਿਸ਼ਤੇਦਾਰ ਉਨ੍ਹਾਂ ਨੂੰ ਲਾਰਿਆਂ ਵਿਚ ਰੱਖਦੇ ਤੇ ਕਦੀ ਸੀਨੀਅਰ ਤੇ ਕਦੀ ਜੂਨੀਅਰ ਦਾ ਬਹਾਨਾ ਲਾ ਕੇ ਸਿਫ਼ਾਰਿਸ਼ ਕਰਨ ਤੋਂ ਮਨਾ ਕਰ ਦਿੰਦੇ।

ਸਾਰੇ ਟੱਬਰ ਦੇ ਚਿਹਰਿਆਂ ਉੱਤੋ ਖ਼ੁਸ਼ੀ ਚੜ੍ਹੀਆਂ ਛੱਲਾਂ ਛੇਤੀ ਹੀ ਲਹਿ ਗਈਆਂ ਜਿਵੇਂ ਚੋ ਦਾ ਸਿਖਰ ਦੁਪਹਿਰ ਨੂੰ ਲੱਗਾ ਮਾਰਦਾ ਪਾਣੀ ਸੂਰਜ ਦੇ ਛਿਪਣ ਨਾਲ ਹੀ ਲਹਿ ਗਿਆ ਸਜਦੋਂ ਪੁੱਛ-ਪ੍ਰਤੀਤ ਦੇ ਜਵਾਬ ਵਿਚ ਇਸ ਵਾਰ ਮਾਮੀ ਜੀ ਨੇ ਦੱਸਿਆ, 'ਬਖ਼ਸ਼ੀ ਬਾਰੇ ਕਹਿੰਦੇ ਨੇ ਕਿ... ਨੂੰ ਮੈਂ ਕਹਿਣਾ ਨਹੀਂ, ਉਹ ਉਨ੍ਹਾਂ ਤੋਂ ਬਹੁਤ ਸੀਨੀਅਰ ਨੇ, ਤੇ.... ਨੂੰ ਫਿਰ ਵੀ ਤੁਸੀਂ ਫ਼ਿਕਰ ਨਾ ਕਰੋ...।'[39]

ਨਿਮਨ ਵਰਗ ਦਾ ਵਿਅਕਤੀ ਜਦੋਂ ਅਫ਼ਸਰ ਬਣ ਜਾਂਦਾ ਤਾਂ ਉਹ ਆਪਣੇ ਨਿਮਨ ਵਰਗ ਦੇ ਸਾਕ ਸੰਬੰਧੀਆਂ ਰਿਸ਼ਤੇਦਾਰਾਂ ਤੋਂ ਪਿੱਛਾ ਛਡਾਉਣ ਦਾ ਯਤਨ ਕਰਦੇ। ਅਜਿਹੀ ਘਟਨਾ ਛਾਂਗਿਆਂ ਰੁੱਖ ਸਵੈ-ਜੀਵਨੀ ਵਿਚ ਦੇਖੀ ਜਾ ਸਕਦੀ ਹੈ।ਮਾਧੋਪੁਰੀ ਦੇ ਮਾਮੇ ਦੇ ਨਿੱਤ ਦੇ ਲਾਰਿਆਂ ਤੋਂ ਅੱਕ ਕੇ ਮਾਧੋਪੁਰੀ ਦਾ ਭਾਈਆ ਵੀ ਇਹ ਹੀ ਸਮਝਦਾ ਕਿ ਜੋ ਅਫ਼ਸਰ ਬਣ ਜਾਂਦਾ ਉਹ ਪਿੱਛਾ ਭੁੱਲ ਜਾਂਦਾ ਪਰ ਮਾਧੋਪੁਰੀ ਦਾ ਤਾਇਆ, ਭਾਈਏ ਨੂੰ ਦਿਲਾਸਾ ਦਿੰਦਾ ਕਿ ਲੋਕੀਂ ਕਹਿੰਦੇ ਹਨ, ਅਫ਼ਸਰ ਬਣਨ ਤੋਂ ਬਾਅਦ ਉਨ੍ਹਾਂ ਦੀ ਵੱਖਰੀ ਜਮਾਤ ਬਣ ਜਾਂਦੀ ਪਰ ਗੁੱਡ ਦਾ ਮਾਮਾ ਤਾਂ ਫੇਰ ਹਜੇ ਆਉਂਦਾ।

'ਹੋਰਨਾਂ ਦੇ ਕੰਮ ਬੀ ਤਾਂ....! ਸਾਥੋਂ ਖਬਨੀ ਦੂਰ ਹੀ ਹੋਣਾ ਚਾਹੁੰਦੇ ਆ - ਜਿਹੜਾ ਜਰਾ ਕੁ ਵੱਡਾ ਅਫ਼ਸਰ ਬਣ ਜਾਂਦਾ - ਉਹ ਪਿੱਛਾ ਈ ਭੁੱਲ ਜਾਂਦਾ...।'[40]

ਬਲਬੀਰ ਮਾਧੋਪੁਰੀ ਆਪਣੀ ਮਿਹਨਤ ਸਦਕਾ 1978 ਵਿਚ ਭਾਰਤੀ ਖ਼ੁਰਾਕ ਨਿਗਮ (ਐਫ. ਸੀ. ਆਈ) ਵਿਚ ਭਰਤੀ ਹੋ ਗਿਆ ਤੇ ਅਗਲੇ ਸਾਲ ਯੂਨੀਅਨ ਦਾ ਜਿਲ੍ਹਾ ਜਨਰਲ ਸਕੱਤਰ ਚੁਣਿਆ

ਗਿਆ।ਕਾਮਰੇਡ ਪਾਰਟੀ ਦੇ ਧਾਰਨੀ ਬਲਬੀਰ ਮਾਧੋਪੁਰੀ ਨੂੰ ਆਪਣੀ ਇਸ ਪਦਵੀ 'ਤੇ ਵੀ ਆਪਣਿਆਂ ਵੱਲੋਂ ਕਿਸੇ ਤਰ੍ਹਾਂ ਵੀ ਕਾਣਾ ਕਰਨ ਦੀਆਂ ਸਾਜ਼ਿਸ਼ਾਂ ਚਲਦੀਆਂ ਰਹਿੰਦੀਆਂ ਸਨ।

'ਬਣਾਈਆਂ ਹੋਈਆਂ ਬੋਰੀਆਂ ਸ਼ਾਮ ਨੂੰ ਜੇਬਾਂ ਵਿਚ ਪੈ ਜਾਂਦੀਆਂ। ਗੱਲਾਂ ਤੁਰਦੀਆਂ-ਤੁਰਦੀਆਂ ਮੇਰੇ ਤੱਕ ਪਹੁੰਚਦੀਆਂ, ' ਕਾਮਰੇਡ ਨੂੰ ਕਿਸੇ ਤਰਾਹ ਕਾਣਾ ਕਰੋ, ਪੈਸੇ ਨਹੀਂ ਲੈਂਦਾ ਹੈਗਾ, ਸ਼ਰਾਬ ਨਹੀਂ ਪੀਂਦਾ ਹੈਗਾ, ਹੋਰ ਨਹੀਂ ਤਾਂ ਕਿਸੇ ਬਾਜ਼ੀਗਰਨੀ ਨੂੰ ਮਗਰ ਪਾ ਦਿਓ!'[41]

ਮਾਧੋਪੁਰੀ ਦੇ ਨਾਲ ਦੇ ਮੁਲਾਜ਼ਮ ਉਸ ਨੂੰ ਪਿੱਛੇ ਧੱਕਣ ਵਿਚ ਆਪਣੀ ਪੂਰੀ ਵਾਹ ਲਾਉਂਦੇ। ਉਹ ਮਾਧੋਪੁਰੀ ਨੂੰ ਕਾਣਾ ਕਰਨ ਲਈ ਗੋਦਾਮ ਵਿਚ ਕੰਮ ਕਰਨ ਵਾਲੀਆਂ ਔਰਤਾਂ ਮਗਰ ਲਾਉਣ ਦੀਆਂ ਚਾਲਾਂ ਚਲਦੇ ਰਹਿੰਦੇ। ਮਾਧੋਪੁਰੀ ਗੁਦਾਮ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਸਮਝਾਉਂਦਾ ਹੋਇਆਂ ਕਹਿੰਦਾ ਕਿ ਇੱਜ਼ਤ ਨਾ ਰਿਹਾ ਕਰੋ ਜਿਸ 'ਤੇ ਮਾਧੋਪੁਰੀ ਦੇ ਮੁਲਾਜ਼ਮ ਸਾਥੀ ਉਸ ਨੂੰ ਕਹਿੰਦੇ ਕਿ ਸਮਝਾ ਦਿੱਤਾ ਆਪਣੀਆਂ ਮਾਂਵਾਂ ਭੈਣਾਂ ਨੂੰ?

ਡੂੰਘੀ ਸ਼ਾਮ ਨੂੰ ਥਕੇਵਾਂ ਲਾਹੁਣ ਲਈ 'ਮਹਿਫ਼ਲ' ਜੁੜਦੀ - ਲਤੀਫ਼ੇਬਾਜ਼ੀ ਹੁੰਦੀ ਜਿਸ ਦਾ ਕੇਂਦਰ-ਬਿੰਦੂ ਔਰਤ ਹੁੰਦੀ। ਕਈ ਉਨ੍ਹਾਂ ਔਰਤਾਂ ਦਾ ਜ਼ਿਕਰ ਹੁੰਦਾ ਜੋ ਗੁਦਾਮ ਅੰਦਰ ਕੰਮ ਕਰਨ ਆਉਂਦੀਆਂ।

ਮੇਰੇ ਦਿਲ ਤੇ ਛੁਰੀ ਫਿਰਦੀ ਜਿਵੇਂ ਕਣਕ ਜਾਂ ਚੌਲਾਂ ਦਾ ਚੱਕਾ ਸੁੱਟਣ ਲਈ ਫੇਰੀ ਜਾਂਦੀ। ਮਨ ਵਿਚ ਉਨ੍ਹਾਂ ਦਾ ਸ਼ੌਕ ਤੇ ਮਜਬੂਰੀ ਆਪਸ ਵਿਚ ਵਾਰ-ਵਾਰ ਬਦਲਦੇ। ਨਤੀਜੇ ਵਜੋਂ, ਗੁਦਾਮ ਅੰਦਰ ਕੰਮ ਕਰਨ ਆਉਂਦੀਆਂ ਔਰਤਾਂ ਨੂੰ ਮੈਂ ਸਮਝਾਉਂਦਾ ਕਿ ਇੱਜ਼ਤ ਨਾਲ ਰਹਿੰਦਿਆਂ ਕਿਵੇਂ ਰਹਿਣਾ-ਬਹਿਣਾ ਹੈ।

ਸਮਝੌਤਾ? ਆਪਣੀਆਂ ਮਾਂਵਾਂ ਭੈਣਾਂ ਨੂੰ! ਇੱਕ ਦਿਨ ਚੱਕੇ ਉਹਲਿਓ ਅਚਾਨਕ ਨਿਕਲੇ ਮੁਲਾਜ਼ਮ ਨੇ ਮੈਨੂੰ ਟਿੱਚਰ ਕਰਦਿਆਂ ਕਿਹਾ।[42]

ਨਿਮਨ ਵਰਗ ਦੇ ਲੋਕ ਆਪਣਿਆਂ ਦੀਆਂ ਹੀ ਜੜ੍ਹਾਂ ਵੱਢਣ ਵੱਲ ਤੁਰੇ ਹੋਏ ਹਨ। ਬਲਬੀਰ ਮਾਧੋਪੁਰੀ ਦੀ ਸਾਹਿਤ ਵਿਚ ਰੁਚੀ ਹੋਣ ਕਾਰਨ ਸੰਪਾਦਕ ਗੁਰਚਰਨ ਸਿੰਘ ਮੋਹੇ ਤੇ ਗ਼ਜ਼ਲਗੋ ਵਰਗੇ ਕਵੀ ਵੀ ਦੋਸਤ ਬਣੇ। ਡਾ. ਮੋਹੇ ਦੀ ਤਰੱਕੀ ਡਿਪਟੀ ਸੈਕਟਰੀ ਵਜੋਂ ਹੋਈ ਤਾਂ ਉਹ ਮਾਧੋਪੁਰੀ ਕੋਲ ਪੰਜੀ ਸੱਤੀ ਦਿਨ ਬਾਅਦ ਮਿਲਣ ਆਉਂਦਾ। ਗ਼ਜ਼ਲਗੋ ਨੇ ਗੁਰਚਰਨ ਸਿੰਘ ਨਾਲ ਗੱਲ ਬਾਤ ਕਰਦਿਆਂ ਨੀਚਾ ਦਿਖਾਉਣ ਵਾਲਾ ਮਜ਼ਾਕ ਕੀਤਾ।

'ਗੁਰਚਰਨ , ਮੈਂ ਕੀ ਕਿਹਾ! ਪਾਲਸ਼ ਦੀਆਂ ਡੱਬੀਆਂ ਤੇ ਬੁਰਸ਼ ਲੈ ਕੇ ਇੱਥੇ ਮੋਚੀ ਕੋਲ ਬਹਿ ਜਾਈ - ਨਾਲੇ ਸਾਡਾ ਬਹਿਣ-ਉੱਠਣ ਬਣਿਆ ਰਹੂ....।' ਉਸ ਕਵੀ ਨੇ ਜੁੱਤੀਆਂ ਮੁਰੰਮਤ ਕਰਦੇ ਕਾਰੀਗਰ ਵਲ ਇਸ਼ਾਰਾ ਕਰਦਿਆਂ ਫਿਰ ਆਖਿਆ।[43]

ਗੁਰਚਰਨ ਸਿੰਘ  ਨੇ ਗ਼ਜ਼ਲਗੋ ਦੇ ਇਸ ਮਜ਼ਾਕ ਦਾ ਵਿਰੋਧ ਕੀਤਾ। ਗ਼ਜ਼ਲਗੋ ਹੀਣ ਭਾਵਨਾ, ਈਰਖਾ,ਸਾੜਾ ਦਾ ਪ੍ਰਗਟਾਵਾ ਗੁਰਚਰਨ ਸਿੰਘ ਨਾਲ ਇਸ ਤਰ੍ਹਾਂ ਦਾ ਮਜ਼ਾਕ ਕਰ ਕੇ ਕਰਦਾ। ਗੁਰਚਰਨ ਸਿੰਘ ਨੇ ਗ਼ਜ਼ਲਗੋ ਨੂੰ ਸਮਝਾਇਆਂ ਕਿ ਮਿੱਤਰਾਂ ਨਾਲ ਇਹੋ ਜਿਹਾ ਮਜ਼ਾਕ ਚੰਗਾ ਨਹੀਂ ਲਗਦਾ ਪਰ ਇਸ ਦੇ ਬਾਵਜੂਦ ਗ਼ਜ਼ਲਗੋ ਉਸ ਨਾਲ ਫਿਰ ਮੌਕਾ ਮਿਲਣ 'ਤੇ ਮੁੜ ਉਹ ਗੁਰਚਰਨ ਸਿੰਘ 'ਤੇ ਵਿਅੰਗ ਟਿੱਪਣੀ ਕਰਦਾ ਜਿਸ ਦੇ ਵਿਰੋਧ ਵਿਚ ਗੁਰਚਰਨ ਸਿੰਘ ਉਸ ਨਾਲ ਹੱਥੋ-ਪਾਈ ਹੋ ਗਿਆ।

ਥੋੜ੍ਹੇ ਕੁ ਦਿਨ ਬਾਅਦ ਡਾਕਟਰ ਮੋਹੇ ਤੇ ਮੈਂ ਪੁਰਾਣੇ ਮਿੱਤਰ ਨੂੰ ਮਿਲਣ ਗਏ। ਗ਼ਜ਼ਲਗੋ ਨੇ ਸਰਕਾਰੀ ਨੌਕਰੀ ਦੀ ਸੇਵਾ-ਮੁਕਤੀ ਬਾਰੇ ਪੁੱਛ-ਗਿੱਛ ਕਰ ਕੇ ਆਖਿਆ ਸੀ ਪਈ ਪਾਲਸ਼ ਦੀਆਂ ਡੱਬੀਆਂ ਤੇ ਬੁਰਸ਼ ਰੱਖ ਕੇ ਆਹ ਨਿੰਮ ਥੱਲੇ ਬਹਿ ਜਾਈ - ਸਾਡੇ ਬੈਠਣ ਉੱਠਣ ਦੀ ਠਾਹਰ ਬਣੀ ਰਹੇਗੀ....।'[44]

ਇਸੇ ਦੌਰਾਨ ਤੁਰਤ ਪ੍ਰਤੀਕਿਰਿਆ ਵਿਚ ਮਾਨਵਵਾਦੀ ਕਵੀ ਦੇ ਮੂੰਹ ਉੱਤੇ ਡਾ. ਮੋਹੇ ਦੇ ਹੱਥਾਂ ਦੇ ਥੱਪੜ ਪੈਣ ਲੱਗੇ।

---

[1] ਬਲਬੀਰ ਮਾਧੋਪੁਰੀ, ਛਾਗਿਆ ਰੁੱਖ , ਪੰਨਾ-13

[2] ਬਲਬੀਰ ਮਾਧੋਪੁਰੀ, ਛਾਗਿਆ ਰੁੱਖ, ਪੰਨਾ-14

[3] ਉਹੀ, ਪੰਨਾ-14

[4] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-16

[5] ਉਹੀ, ਪੰਨਾ- 87

[6] ਬਲਬੀਰ ਮਾਧੋਪੁਰੀ, ਛਾਗਿਆ ਰੁੱਖ, ਪੰਨਾ-82

[7] ਉਹੀ,  ਪੰਨਾ-82

[8] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-93-94

[9] ਉਹੀ, ਪੰਨਾ-40

[10] ਉਹੀ, ਪੰਨਾ- 95

[11] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-188

[12] ਉਹੀ, ਪੰਨਾ-189

[13] ਉਹੀ, ਪੰਨਾ-43-44

[14] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-117

[15] ਉਹੀ, ਪੰਨਾ-35

[16] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-36

[17] ਉਹੀ, ਪੰਨਾ- 36

[18] ਉਹੀ, ਪੰਨਾ- 36-37

[19] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-36

[20] ਉਹੀ, ਪੰਨਾ-37

[21] ਉਹੀ,ਪੰਨਾ- 37

[22] ਉਹੀ, ਪੰਨਾ-37

[23] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-37

[24] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-70

[25] ਉਹੀ, ਪੰਨਾ-112

[26] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-112

[27] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-139

[28] ਉਹੀ, ਪੰਨਾ-174-175

[29] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ--133

[30] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-23

[31] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-16

[32] ਉਹੀ, ਪੰਨਾ- 39-40

[33] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-171

[34] ਉਹੀ, ਪੰਨਾ- 193

[35] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-193

[36] ਉਹੀ, ਪੰਨਾ- 194

[37] ਉਹੀ, ਪੰਨਾ- 92

[38] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ-117

[39] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ- 118

[40]ਉਹੀ, ਪੰਨਾ- 119

[41] ਉਹੀ ,ਪੰਨਾ-169

[42] ਉਹੀ, ਪੰਨਾ- 169

[43] ਉਹੀ, ਪੰਨਾ-  190

[44] ਬਲਬੀਰ ਮਾਧੋਪੁਰੀ, ਛਾਗਿਆ ਰੁੱਖ ,ਪੰਨਾ- 190

## ਸਿੱਟਾ

ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਛਾਂਗਿਆ ਰੁੱਖ ਵਿਚ ਦਲਿਤ ਦੇ ਬਹੁਤ ਗੰਭੀਰ ਤੇ ਪੇਚੀਦਾ ਮਸਲੇ ਸਾਹਮਣੇ ਆਏ ਹਨ। ਭਾਰਤੀ ਸਮਾਜ ਜਾਤ-ਪਾਤ, ਊਚ-ਨੀਚ, ਭੇਦ-ਭਾਵ, ਛੂਤ-ਛਾਤ ਆਦਿ ਵਰਗਾਂ ਵਿਚ ਵੰਡਿਆ ਹੋਇਆ ਹੈ। ਇਹ ਵਰਗ ਵੰਡ ਸਮਾਜ ਵਿਚ ਤਣਾਓ ਭਰਿਆ ਮਹੌਲ ਬਣਾਉਣ ਦਾ ਕਾਰਨ ਬਣਦਾ ਹੈ। ਦਲਿਤ ਵਰਗ ਨੂੰ ਸ਼ੋਸ਼ਕ ਧਿਰ ਮੁੱਢ ਤੋਂ ਹੀ ਦਬਾਉਂਦੀ ਆ ਰਹੀ ਹੈ।

ਜਾਗੀਰਦਾਰ ਤੇ ਸਰਮਾਏਦਾਰ ਕਿਸਾਨ ਵਰਗ ਦਾ ਸ਼ੋਸ਼ਣ ਕਰਦੇ ਤੇ ਕਿਸਾਨ ਨਿਮਨ ਜਮਾਤ ਤੇ ਕੰਮੀਂ ਕਮੀਣਾਂ ਦਾ ਸ਼ੋਸ਼ਣ ਕਰਦੇ ਹਰ ਉੱਚੀ ਧਿਰ ਆਪਣੇ ਤੋਂ ਨੀਵੀਂ ਧਿਰ ਨੂੰ ਦਬਾਉਣ ਦਾ ਯਤਨ ਕਰਦੀ।

ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਛਾਂਗਿਆ ਰੁੱਖ ਵਿਚ ਦਲਿਤ ਦੇ ਮਸਲਿਆ ਦੀ ਯਥਾਰਥਕ ਪੇਸ਼ਕਾਰੀ ਮਿਲਦੀ ਹੈ। ਦਲਿਤ ਵਰਗ ਦੇ ਅਨਪੜ੍ਹ ਬਜ਼ੁਰਗ ਸ਼ੋਸ਼ਕ ਵਰਗ ਵਿਰੁੱਧ ਸੰਘਰਸ਼ ਕਰਨ ਤੋਂ ਡਰਦੇ ਹਨ ਜਦਕਿ ਦਲਿਤ ਵਰਗ ਦੀ ਪੜ੍ਹੀ ਲਿਖੀ ਨੌਜੁਆਨ ਪੀੜ੍ਹੀ ਸ਼ੋਸ਼ਕ ਵਰਗ ਦਾ ਡਟ ਕੇ ਸਾਹਮਣਾ ਕਰਦੇ ਹਨ ਤੇ ਆਪਣੇ ਹੱਕਾਂ ਲਈ ਲੜਦੇ ਹਨ। ਨੌਜੁਆਨ ਪੀੜ੍ਹੀ ਕਿਸੇ ਵੀ ਪ੍ਰਕਾਰ ਦਾ ਰੋਹਬ ਨਹੀਂ ਸਹਾਰਦੀ ਤੇ ਨਾ ਹੀ ਉਹ ਆਪਣੇ ਤੋਂ ਉੱਚੇ ਵਰਗਾਂ ਦੇ ਦਬਾਅ ਵਿਚ ਰਹਿੰਦੇ।

ਨਿਮਨ ਵਰਗ ਤੇ ਕੰਮੀਂ ਕਮੀਣਾਂ ਨੂੰ ਹੋਰਨਾਂ ਵਰਗਾਂ ਦੇ ਮੁਕਾਬਲੇ ਵਧੇਰੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ। ਕਿਸਾਨ ਨਿਮਨ ਵਰਗ ਤੇ ਕੰਮੀਂ ਕਮੀਣਾਂ ਤੋਂ ਵਗਾਰਾਂ, ਬੁੱਤੀਆਂ ਕਰਾਉਂਦੇ ਤੇ ਬਦਲੇ ਵਿਚ ਦੁਰਕਾਰ ਫਿਟਕਾਰ ਦਿੰਦੇ। ਖੇਤਾਂ ਵਿਚ ਕੰਮ ਕਰਨ ਵਾਲੇ ਕੰਮੀਂ ਕਮੀਣਾਂ ਪ੍ਰਤੀ ਨਿਰਦਈ ਵਾਲਾ ਰਵੱਈਆ ਅਪਣਾਉਂਦੇ। ਕਿਸਾਨ ਕੰਮੀਂ ਕਮੀਣਾਂ ਨਾਲ ਜਾਤ ਪਾਤ, ਛੂਤ-ਛਾਤ, ਊਚ-ਨੀਚ ਦਾ ਭੇਦ ਕਰਦਾ। ਕੰਮੀਂ ਕਮੀਣਾਂ ਤੋਂ ਭਿੱਟ ਹੋਣ ਦੇ ਡਰ ਤੋਂ ਉਹ ਆਪਣੇ ਭਾਂਡਿਆਂ ਵਿਚ ਖਾਣ ਪੀਣ ਤੋਂ ਮਨਾਹੀ ਕਰਦੇ ਜਿਸ ਕਾਰਨ ਕੰਮੀਂ ਕਮੀਣਾਂ ਨੂੰ ਆਪਣੇ ਘਰ ਤੋਂ ਹੀ ਭਾਂਡੇ ਲੈ ਕੇ ਜਾਣੇ ਪੈਂਦੇ। ਇਹੋ ਜਿਹੇ ਵਿਤਕਰੇ ਕਦੀ ਕੰਮੀਂ ਕਮੀਣਾਂ ਲਈ ਜਿਸਮਾਨੀ ਹੁੰਦੇ ਹਨ ਤੇ ਕਦੀ ਮਾਨਸਿਕ। ਕਿਸਾਨ ਕੰਮੀਂ ਕਮੀਣਾਂ ਨੂੰ ਜਾਤੀ ਸੂਚਕ ਸ਼ਬਦਾਂ ਰਾਹੀਂ ਸੰਬੋਧਨ ਕਰਦੇ ਹਨ ਜਿਸ ਨਾਲ ਕੰਮੀਂ ਕਮੀਣਾਂ ਨੂੰ ਇਹ ਸਭ ਸੁਣਨ ਦੀ ਆਦਤ ਪੈ ਗਈ ਹੈ ਪਰ ਨਵੀਂ ਪੀੜ੍ਹੀ ਇਹੋ ਜਿਹੀ ਸ਼ਬਦਾਵਲੀ ਦਾ ਵੀ ਵਿਰੋਧ ਕਰਦੀ।

ਦਲਿਤ ਵਰਗ ਦਾ ਆਪਣੇ ਤੋਂ ਉੱਚੇ ਵਰਗ ਨਾਲ ਤਾਂ ਸੰਘਰਸ਼ ਤਾਂ ਚਲਦਾ ਆ ਰਿਹਾ ਹੈ ਪਰ ਇਸ ਦੇ ਨਾਲ-ਨਾਲ ਦਲਿਤ ਵਰਗ ਦਾ ਆਪਸੀ ਅੰਦਰੂਨੀ ਸੰਘਰਸ਼ ਵੀ ਚਲਦਾ ਹੈ ਜੋ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਦਾ ਹੈ। ਨਿਮਨ ਵਰਗ ਦੇ ਲੋਕ ਆਪਣੇ ਵਰਗ ਦੇ ਲੋਕ ਨੂੰ ਤਰੱਕੀ ਕਰਦੇ ਦੇਖ ਕੇ ਖ਼ੁਸ਼ ਨਹੀਂ ਹੁੰਦੇ ਸਗੋਂ ਉਨ੍ਹਾਂ ਨਾਲ ਈਰਖਾ, ਸਾੜ੍ਹਾ ਕਰਦੇ ਹਨ।

## Balbir Madhopuri Rachit Svejivni 'Changia Rukh' vich pesh Dalit Drishty da Adhyan

ਔਰਤ ਨੂੰ ਵੀ ਦਲਿਤ ਦੇ ਘੇਰੇ ਵਿਚ ਰੱਖਿਆ ਜਾਂਦਾ ਹੈ ਕਿਉਂਕਿ ਔਰਤ  ਵੀ ਕਈਆਂ ਸਦੀਆਂ ਤੋਂ ਮਰਦ ਦੀ ਅਧੀਨਤਾ ਸਵੀਕਾਰ ਕਦੀ ਆ ਰਹੀ ਹੈ। ਮੁੱਢ ਤੋਂ ਹੀ ਔਰਤ ਨਾਲ ਬਦਸਲੂਕੀ ਭਰਿਆਂ ਵਿਵਹਾਰ ਕੀਤਾ ਆ ਰਿਹਾ ਹੈ। ਮਰਦ-ਪ੍ਰਧਾਨ ਸਮਾਜ ਔਰਤ ਨੂੰ ਇੱਕ ਵਸਤੂ ਤੋਂ ਕੁੱਝ ਨਹੀਂ ਸਮਝਦਾ ਜਿਸ ਕਾਰਨ ਉਹ ਔਰਤ ਨੂੰ ਆਪਣੇ ਅਧੀਨ ਰੱਖਦਾ ਹੈ ਪਰ ਅਜੋਕੇ ਸਮਾਜ ਵਿਚ ਇਹ ਧਰਨਾ ਕੁੱਝ ਹੱਦ ਤੱਕ ਬਦਲ ਗਈ ਹੈ ਬੇਸ਼ੱਕ ਅੱਜ ਵੀ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਨਹੀਂ ਮਿਲੇ ਪਰ ਅੱਜ ਦੀ ਔਰਤ ਵਿਚ ਪਹਿਲ ਦੀ ਔਰਤ ਨਾਲੋਂ ਨਿਖਾਰ ਆਇਆ ਹੈ। ਅੱਜ ਦੀ ਔਰਤ ਮਰਦ ਦੀ ਧੱਕੇਸ਼ਾਹੀ ਦੇ ਵਿਰੁੱਧ ਅਵਾਜ਼ ਉਠਾਉਂਦੀ ਹੈ ਤੇ ਆਪਣੀ ਗੱਲ ਮਨਵਾਉਂਦੀ ਹੈ।

# ਪੁਸਤਕ-ਸੂਚੀ


1. ਸਿੰਘ, ਸਰਬਜੀਤ, ਦਲਿਤ ਦ੍ਰਿਸ਼ਟੀ, ਪੰਜਾਬੀ ਭਵਨ ਲੁਧਿਆਣਾ, ਚੇਤਨਾ ਪ੍ਰਕਾਸ਼ਨ, 2005
2. ਸਿੰਘ, ਬਲਵਿੰਦਰ, ਪ੍ਰਗਤੀਵਾਦੀ ਪੰਜਾਬੀ ਕਾਵਿ (ਸਮਾਜ-ਸ਼ਾਸਤਰੀ ਪਰਿਪੇਖ ), ਲੁਧਿਆਣਾ, ਚੇਤਨਾ ਪ੍ਰਕਾਸ਼ਨ, 2003
3. ਸਿੰਘ, ਭਗਤ, ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਚੌਥਾ ਸੰਸ਼ਕਰਣ, 2016
4. ਸਿੰਘ, ਭੀਮ ਇੰਦਰ, ਦਲਿਤ ਮਾਰਕਸੀ ਪਰਿਪੇਖ, ਜਲੰਧਰ, ਕੁਕਨਸ ਪ੍ਰਕਾਸ਼ਨ, 2005
5. ਸੇਖਾ, ਜਰਨੈਲ ਸਿੰਘ, ਚੇਤਿਆਂ ਦੀ ਚਿਲਮਨ( ਯਾਦਾਂ ਬਚਪਨ/ਲੜਕਪਨ ਦੀਆਂ) ਸਵੈ-ਜੀਵਨੀ ਅੰਸ਼ - 1, ਪੰਜਾਬੀ ਭਵਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2013
6. ਕਸੇਲ, ਕਿਰਪਾਲ ਸਿੰਘ, ਸਿੰਘ ਪਰਮਿੰਦਰ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 2 - ਲਾਜਪਤ ਰਾਏ ਮਾਰਕਿਟ, 16 ਵਾਂ ਐਡੀਸ਼ਨ, 2015
7. ਕੁੱਸਾ, ਕਰਮਜੀਤ ਸਿੰਘ, ਜੀਵਨ ਤੇ ਰਚਨਾ ਡਾ. ਬਲਦੇਵ ਸਿੰਘ ਧਾਲੀਵਾਲ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,2012
8. ਕੇਸਰ, ਸਿੰਘ ਕੇਸਰ, ਵਰਗ ਸੰਘਰਸ਼ ਤੇ ਗਲਪ-ਸਾਹਿਤ, ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ, 1992
9. ਜੱਜ, ਪਰਮਜੀਤ ਸਿੰਘ, ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਤੇ ਸਿਧਾਂਤ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2014
10. ਸਿੰਘ, ਬਲਵਿੰਦਰ, ਪ੍ਰਗਤੀਵਾਦੀ ਪੰਜਾਬੀ ਕਾਵਿ (ਸਮਾਜ-ਸ਼ਾਸਤਰੀ ਪਰਿਪੇਖ ), ਲੁਧਿਆਣਾ, ਚੇਤਨਾ ਪ੍ਰਕਾਸ਼ਨ, 2003
11. ਮਾਧੋਪੁਰੀ, ਬਲਬੀਰ, ਛਾਂਗਿਆ ਰੁੱਖ, ਦਿੱਲੀ, ਨਵਯੁੱਗ ਪਬਲਿਸ਼ਰਜ਼,2013
12. ਨੂਰ, ਸਤਿੰਦਰ ਸਿੰਘ, ਬੱਤਰਾ, ਪ੍ਰੀਤਮ ਸਿੰਘ, ਦਲਿਤ ਚੇਤਨਾ ਅਤੇ ਸਾਹਿਤ, ਦਿੱਲੀ, ਪੰਜਾਬੀ ਅਕਾਦਮੀ, 1998

13. ਰਾਮ, ਰੌਣਕੀ, ਦਲਿਤ ਪਛਾਣ ਮੁਕਤੀ ਅਤੇ ਸ਼ਕਤੀਕਰਨ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2012

14. ਸ਼ੂਦਰਾ, ਸੋਢੀ ਸੁਲਤਾਨ ਸਿੰਘ, ਹਿੰਦੂ ਸਾਮਰਾਜਵਾਦ ਦਾ ਇਤਿਹਾਸ, ਚੰਡੀਗੜ੍ਹ, ਡਾ. ਭੀਮ ਰਾਓ ਅੰਬੇਦਕਰ ਯਾਦਗਰੀ ਪ੍ਰਕਾਸ਼ਨ, 1996